# ਇੱਕ ਸੁਫ਼ਨਾ

## ਭਾਗ 8

### ਵਪਾਰ।।।

ਔਕੜਾਂ ਨੇ ਰਾਹੀਂ
ਭਾਵੇਂ ਮੰਜਿਲਾਂ ਵੀ ਦੂਰ ਨੇ।
ਉਡੀਕ ਕਰਦਾ ਹੋਣਾ ਓਹ
ਓਹਨੂੰ ਮਿਲਣਾ ਜਰੂਰ ਹੈ।
ਥੱਕੀਆਂ ਨੇ ਆਸਾਂ
ਤੇ ਪਿੰਡਾਂ ਚੂਰ ਚੂਰ ਹੈ।
ਔਕੜਾਂ ਨੇ ਰਾਹੀਂ
ਭਾਵੇਂ ਮੰਜਿਲਾਂ ਵੀ ਦੂਰ ਨੇ।

ਮਰ ਗਏ ਗੀਤ
ਖਾਧੇ ਜਖਮਾਂ ਦੀ ਸੋਜ ਹੈ |
ਕੇ ਅੱਜ ਸੁਰਾਂ ਵਾਲੇ ਸਾਜ ਨੂੰ
ਨਾਲ ਲਫ਼ਜ਼ਾਂ ਦੇ ਰੋਸ ਹੈ |
ਸ਼ਾਯਦ ਨਫ਼ਰਾਂ ਦੇ ਕਰਕੇ
ਗੀਤਕਾਰ ਹੀ ਖਾਮੋਸ਼ ਹੈ |
ਤੇਰੇ ਹੰਝੂਆਂ ਦੀ ਸਿੰਮ ਤੇ
ਸਾਬਿਤ ਹੁੰਦਾ ਓਹ ਬੇਦੋਸ਼ ਹੈ |
ਇਹਨਾ ਔਕੜਾਂ ਨੇ ਰਾਹੀਂ
ਨਾ ਮੰਜਿਲਾਂ ਦਾ ਹੋਸ਼ ਹੈ |

ਰਾਹੇ, ਰੁੱਖਾਂ ਦੀ ਹੈ ਬੋਲੀ

ਤੇ ਜੁਗਨੂੰਆਂ ਦਾ ਸ਼ੋਰ ਹੈ |

ਭਰਵਾਸੇ ਵਿਚ ਰਾਤ

ਤੇ ਉਮੀਦਾਂ ਵਿਚ ਭੌਰ ਹੈ |

ਇੰਤਜ਼ਾਰ ਦੀਆਂ ਘੜੀਆਂ ਚ

ਲੰਘੇ ਮੌਸਮਾਂ ਦਾ ਦੌਰ ਹੈ |

ਇਕ ਤੇਰੇ ਤੇ ਐਤਬਾਰ

ਬਾਕੀ ਦੂਜਾ ਨਾ ਕੋਈ ਹੋਰ ਹੈ |

ਵਪਾਰ , ਨਫ਼ਰਾਂ ਦਾ ਨਹੀਓਂ

ਬਸ ਮੋਹਬੱਤਾਂ ਦੀ ਲੋੜ ਹੈ |

ਕੇ ਨਫ਼ਰਾਂ ਦੀਆਂ ਕੰਧਾਂ ਵਿਚ

ਵਿੱਥ ਦੀ ਤਾਂ ਥੋੜ ਹੈ |

ਹਿਤੇਸ਼ , ਇਸ਼ਕ ਦੇ ਹਿਸਾਬ ਵਿਚ

ਤੂੰ ਰਿਹਾ ਕਮਜੋਰ ਹੈ |

ਇਕ ਸੁਫ਼ਨਾ

ਭਾਗ - - ਅੱਠ " ਵਪਾਰ "

ਕਹਾਣੀ |

ਹਾਂਜੀ ਸਾਰੇ ਪਾਠਕਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ਼੍ਰੀ ਆਕਾਲ।

ਜਿਵੇਂ ਪਿਛਲੇ ਭਾਗ ਵਿਚ ਪੜ੍ਹਿਆ , ਤੁਸੀ ਇਸ ਕਹਾਣੀ ਦੀ ਪ੍ਰਮੁੱਖ ਨਾਇਕਾ ਸੇਜਲ ਦੀ ਬੇਬਸੀ ਨੂੰ ਅਤੇ ਇਕ ਵੇਹਸੀ ਦਰਿੰਦੇ ਦੀ ਮੈਲੀ ਨਜ਼ਰ ਨੂੰ ਵੀ। ਪਰ ਨਾਲ ਹੀ ਤੁਸੀ ਵੇਖਿਆ ਕੇ ਇਕ ਕੁੜੀ ਦੇ ਸਿਦਕ ਨੂੰ , ਜੋਂ ਬੇਸ਼ੱਕ ਓਸ ਦਿਨ ਮਜਬੂਰ ਬਹੁਤ ਸੀ ਕਿਉਂਕਿ ਓਹਨੂੰ ਕੰਮ ਦੀ ਜਰੂਰਤ ਸੀ , ਪਰ ਅਪਣਾ ਜ਼ਮੀਰ ਮਾਰ ਕੇ , ਆਪਣੀ ਅਸਮੱਤ ਦਾ ਸੌਦਾ ਕਰਨਾ , ਇਹ ਓਹਨੂੰ ਮਨਜੂਰ ਨਾ ਹੋਇਆ ।

ਇਹੀ ਸੀ ਕਹਾਣੀ। ਹੁਣ ਅੱਗੇ ਨਾਇਕ ਆਏਗਾ ਅਤੇ ਓਸ ਸੂਟ ਬੂਟ ਪਾਏ ਜਾਨਵਰ ਦੀ ਖੱਲ ਖਿੱਚ ਕੇ ਆਪਣੇ ਦਫਤਰ ਤੋਂ ਬਾਹਰ ਦਾ ਰਸਤਾ ਦਿਖਾਏਗਾ। ਹੋਣਾ ਵੀ ਆਹੀ ਚਾਹੀਦਾ ਤੇ ਹੋਵੇਗਾ ਵੀ ਇੱਦਾਂ ਹੀ। ਪਰ , ਜਿਵੇਂ ਮੈਂ ਕਿਹਾ ਕਿ ਮੇਰੀ ਇਹ ਕਹਾਣੀ ਆਮ ਲੋਕਾਂ ਦੇ ਜੀਵਨ ਤੋਂ ਹੀ ਪ੍ਰਭਾਵਿਤ ਹੈ ਅਤੇ ਇਹਦੇ ਵਿਚ ਅਸਲੀਅਤ ਦੇ ਅੰਸ਼ ਹੋਣੇ ਬਹੁਤ ਹੀ ਜ਼ਰੂਰੀ ਨੇ। ਇਹ ਨਹੀਂ ਕੇ ਕਿਸੇ ਫਿਲਮੀ ਕਹਾਣੀ ਵਾਂਗ ਇਕ ਨਾਇਕ ਅੱਗੇ ਆਵੇ ਅਤੇ ਨਕਾਰਾਤਮਕ ਕਿਰਦਾਰ ਦੀ ਧੌਣ ਫੜ ਕੇ ਓਹਨੂੰ ਸਬਕ ਸਿਖਾਏ।

ਤਾਂ ਫੇਰ, ਹੁਣ ਤੁਸੀ ਪੜ੍ਹਨ ਜਾ ਰਹੇ ਹੋ ਓਹ ਭਾਗ ਜਿਸ ਵਿਚ ਇਹ ਦਸਿਆ ਜਾਵੇਗਾ ਕੇ ਅਸਲ ਵਪਾਰ ਕੀ ਹੁੰਦਾ, ਕਿਵੇਂ ਦਾ ਹੁੰਦਾ ਹੈ ਅਤੇ ਕਿਵੇਂ ਆਮ ਜਿੰਦਗੀ ਵਿੱਚ ਇਹ ਮਾਇਨੇ ਰੱਖਦਾ ਹੈ। ਸ਼ਾਯਦ ਤੁਹਾਨੂੰ  ਇਸ ਗੱਲ ਤੋਂ ਕਦੇ ਅਵਗਤ ਨਹੀਂ ਕਰਵਾਇਆ ਗਿਆ

ਕੇ ਮੈਂ ਇਕ ਲੇਖਕ ਹੋਣ ਦੇ ਨਾਲ ਨਾਲ ਇਕ ਛੋਟਾ ਵਪਾਰੀ ਵੀ ਹਾਂ , ਜੋ ਕੇ ਰੋਜ ਸਵੇਰ ਤੋਂ ਕੰਮ ਖਾਤਿਰ ਬਾਹਰ ਨਿਕਲਦਾ ਹੈ ਅਤੇ ਸ਼ਾਮ ਨੂੰ ਕੰਮ ਖਤਮ ਕਰਕੇ ਘਰ ਵਾਪਿਸ ਆਉਂਦਾ ਹੈ। ਦਿਨ ਭਰ ਹਰ ਵਰਗ ਹਰ ਭਾਂਤਿ ਦੇ ਲੋਕਾਂ ਵਿਚ ਵਿਚਰਦਾ ਹੈ ਅਤੇ ਆਪਣੇ ਪਰਿਵਾਰ ਲਈ ਆਜੀਵਿਕਾ ਕਮਾ ਕੇ ਹੀ ਮੁੜ ਆਪਣੇ ਘਰ ਨੂੰ ਵਾਪਿਸ ਆ ਜਾਂਦਾ ਹੈ | ਫੇਰ ਤੁਸੀ ਆਹ ਵੀ ਸੋਚਣਾ ਕੇ ਇਕ ਵਪਾਰੀ ਕਦੋਂ ਤੋ ਲਿਖਾਰੀ ਬਣਿਆ | ਹਾਂਜੀ ਲਿਖਣਾ ਮੇਰਾ ਸ਼ੌਂਕ ਹੈ ਅਤੇ ਕੰਮ ਮੇਰਾ ਵਪਾਰ ਹੀ ਹੈ। ਏਸੇ ਸ਼ੌਂਕ ਵਜੋਂ, ਅਗਰ ਸਮਾਜ ਦੇ ਲੋਕਾਂ ਦੀ ਵਿਚਾਰਧਾਰਾ ਵਿਚ ਅੰਤਰ ਆਵੇ , ਮੁਰਝਾਏ ਚੇਹਰਿਆਂ ਤੇ ਖੁਸ਼ਹਾਲੀ ਦੇ ਭਾਵ ਆਉਣ , ਮੈਂ ਆਪਣੇ ਅਨੁਭਵਾਂ ਤੇ ਗਿਆਨ ਨੂੰ ਲੋਕਾਂ ਸਾਹਮਣੇ ਪੇਸ਼ ਕਰਾਂ , ਇਹੀ ਮੇਰੀ ਰੋਜ਼ਮੱਰਾ ਦੀ ਕਹਾਣੀ ਹੈ | ਤਾਂ ਮੈਂ ਲਿਖਦਾ ਹੁੰਦਾ ਆਪਣੇ ਖਾਤਿਰ ਅਤੇ ਲੋਕਾਂ ਖਾਤਿਰ ਵੀ |

ਅੱਜ , ਕਹਾਣੀ ਦੇ ਇਸ ਭਾਗ ਜਿਸਦਾ ਨਾਮ ਹੈ " ਵਪਾਰ " , ਇਹਨੂੰ ਲਿਖਣ ਲੱਗਿਆ ਮੇਰਾ ਸਾਰਾ ਧਿਆਨ ਲੋਕਾਂ ਨੂੰ ਇਹ ਦੱਸਣਾ ਹੋਵੇਗਾ ਕੇ ਇਕ ਛੋਟਾ ਜਾ ਵੱਡਾ ਵਪਾਰ ਆਮ ਰੋਜ਼ਾਨਾ ਜਿੰਦਗੀ ਵਿੱਚ ਕੀ ਕੰਮ ਕਰਦਾ ਹੈ। ਅਖੀਰ ਆਪਣੇ ਰੋਜ਼ਮਰਾ ਦੀ ਜ਼ਿੰਦਗੀ ਵਿਚ ਇਕ ਇਨਸਾਨ ਦਾ ਹਿਸਾਬੀ ਕਿਤਾਬੀ ਹੋਣਾ ਅਤੇ ਕਿਵੇਂ ਹੋਣਾ , ਓਹਦੇ ਆਸ ਪਾਸ ਦੇ ਲੋਕਾਂ ਉੱਤੇ ਕਿਵੇਂ ਪਰਭਾਵ ਪਾਉਂਦਾ ਹੈ।।

ਹੁਣ ਸ਼ੁਰੂਆਤ ਕਰਦੇ ਹਾਂ , ਇਸ ਕਹਾਣੀ ਦੀ |

ਕਹਾਣੀ ਸ਼ਾਮ ਦੇ 7 ਵਜੇ। ਅਫ਼ਸਰ ਵੀਰ ਜੀ ਦੇ ਘਰ ਤੋਂ।

ਅਫ਼ਸਰ ਗੈਰੀ ਨੂੰ ਕਹਿਣ ਲੱਗਾ ਹੋਇਆ।

ਅਫ਼ਸਰ - ਕੀ ਹੋਇਆ ਛੋਟੇ ਵੀਰ ? ਕੀ ਗੱਲ ਹੋ ਗਈ ? ਇਹ ਕੱਪੜਿਆ ਤੇ ਖੂਨ ਦੇ ਦਾਗ਼। ਇਹ ਸਭ ਕੀ ਹੈ ?

ਗੈਰੀ ਦੀਆਂ ਅੱਖਾਂ ਵਿਚ ਹਾਲੇ ਵੀ ਹੰਝੂ ਨਾਲ ਭਿੱਜੀਆਂ ਸਨ ਅਤੇ ਅਫ਼ਸਰ ਵੀਰ ਦੇ ਵਾਰ ਵਾਰ ਪੁੱਛਣ ਤੇ ਵੀ ਓਹ ਕੁਝ ਕਹਿਣ ਵਿਚ ਅਸਮਰਥ ਸੀ।

ਇਹਦੇ ਬਾਅਦ ਅਫ਼ਸਰ ਵੀਰ ਨੇ ਕੋਲ ਖੜੇ ਮਨਵੀਰ ਨੂੰ ਪੁੱਛਿਆ।

ਅਫ਼ਸਰ - ਮਨਵੀਰ , ਹੋਇਆ ਕੀ ਆ ਭਰਾ? ਇਹ ਕੁਝ ਬੋਲ ਕਿਉਂ ਨੀ ਰਿਹਾ? ਦਸ ਮੈਨੂੰ, ਸਾਰੀ ਗੱਲ ਬਾਤ।

ਇਹਦੇ ਬਾਅਦ ਮਨਵੀਰ ਅਫ਼ਸਰ ਵੀਰ ਨੂੰ ਸਾਰਾ ਸਾਰ ਦੱਸਣ ਲਗਦਾ ਕੇ ਕਿਵੇਂ ਓਹ ਦੋਨੋਂ ਦੋਪਹਰ ਦੇ ਵਕਤ ਸਭ ਤੋਂ ਪਹਿਲਾਂ ਆਪਣੇ ਆਫਿਸ ਵਿਚ ਪੁੱਜੇ ਅਤੇ ਓਥੇ ਕੀ ਕੁਝ ਵਾਪਰਿਆ।।

ਦੋਪਹਰ ਦੇ ਵਕਤ ਗੈਰੀ ਤੇ ਮਨਵੀਰ ਓਹੀ ਆਫਿਸ ਵਿਚ ਪੁੱਜੇ ਜੋ ਕੇ ਕਿਸੇ ਵਕ਼ਤ ਵਿਚ ਗੈਰੀ ਤੇ ਸੁਰਵੀਨ ਦਾ ਸੀ। ਬਹੁਤ ਮੇਹਨਤ ਕਰਕੇ ਇਹ ਕਾਰੋਬਾਰ ਖੜਾ ਕਰਿਆ ਸੀ ਓਹਨਾ ਦੋਹਾਂ ਨੇ। ਪਰ ਸਭ ਤੋਂ ਪਹਿਲਾਂ ਓਹਨਾ ਨੇ ਬਾਹਰ ਲੱਗੇ ਬੋਰਡ ਤੇ ਨਿਗ੍ਹਾ ਮਾਰੀ। ਬਿਲਡਿੰਗ ਓਹੀ ਸੀ , ਸਾਰਾ ਕੁਝ ਓਹੀ ਸੀ , ਪਰ ਬਾਹਰ ਲੱਗੇ ਬੋਰਡ ਤੇ ਨਾਮ ਹੁਣ ਸੁਰਵੀਨ ਐਂਟਰਪ੍ਰਾਈਜ਼ ਦੀ ਜਗ੍ਹਾ, ਐਮ ਕੇ ਐਂਟਰਪ੍ਰਾਈਜ਼ ਦਾ ਬੋਰਡ ਲੱਗਾ ਹੋਇਆ ਸੀ।। ਸੱਚੀਓਂ, ਹੁਣ ਤਿੰਨ ਸਾਲਾਂ ਵਿਚ ਬਹੁਤ ਕੁਝ ਬਦਲ ਚੁੱਕਾ ਸੀ।

ਬਾਹਰ ਖੜਾ ਸੈਕਿਉਰਟੀ ਗਾਰਡ ਓਹਨਾ ਦੋਹਾਂ ਨੂੰ,

" ਹਾਂਜੀ , ਤੁਸੀ ਕੌਣ ? " ਕੀ ਕੰਮ ਹੈ ਤੁਹਾਨੂੰ ?

ਬਾਹਰ ਖੜੇ ਸੈਕਿਉਰਟੀ ਗਾਰਡ ਦੇ ਨਾ ਸਮਝ ਰਵੈਏ ਤੋ ਖਿਝ ਮਨਵੀਰ ਗੁੱਸੇ ਵਿਚ ਓਹਨੂੰ ਸਾਰਾ ਕੁਝ ਦੱਸਣ ਦੀ ਕੋਸ਼ਿਸ਼ ਕਰਦਾ , ਪਰ ਇਸਦੇ ਉਲਟ ਗੈਰੀ ਓਹਦੀ ਬਾਹ ਫੜਦਾ ਅਤੇ ਓਹਨੂੰ ਅਜਿਹਾ ਕਰਨ ਤੋਂ ਰੋਕ ਦੇਂਦਾ ਹੈ ਅਤੇ ਅੱਗੇ ਹੋ ਕੇ ਗੈਰੀ ਓਸ ਗਾਰਡ ਨਾਲ ਗੱਲ ਕਰਦਾ ਹੈ |

ਗੈਰੀ - ਜੀ ਸਰ, ਅਸੀ ਤੁਹਾਡੇ ਆਫਿਸ ਦੇ ਮਾਲਿਕ ਨੂੰ ਮਿਲਣ ਲਈ ਆਏ ਹਾਂ। ਸੁਰੇਸ਼ ਸਰ। ਓਹਨਾਂ ਨੂੰ ਮਿਲਣਾ ਹੈ ਅਸੀਂ |

ਸੈਕੁਰਟੀ ਗਾਰਡ ਇਕ ਅਜਨਬੀ ਇਨਸਾਨ ਦੇ ਓਹਨੂੰ ਸਰ ਕਹੇ 'ਤੇ ਖੁਸ਼ੀ ਮਹਿਸੂਸ ਕਰਦਾ ਹੈ ਅਤੇ ਅੱਗੋਂ ਜਵਾਬ ਦੇਂਦਾ ਹੈ

ਗਾਰਡ - ਠੀਕ ਹੈ ਸਰ ਜੀ , ਤੁਸੀ ਦੋਵੇਂ ਅੰਦਰ ਆਓ ਅਤੇ ਰੀਸੈਪਸ਼ਨ ਤੇ ਜਾ ਕੇ ਮਿਲੋ। ਓਹ ਤੁਹਾਡੀ ਗੱਲ ਕਰਵਾ ਦੇਣਗੇ ਸਾਡੇ ਮਾਲਿਕ ਨਾਲ |

ਗੈਰੀ - ਠੀਕ ਹੈ ਜੀ, ਸ਼ੁਕਰੀਆ।

ਮਨਵੀਰ ਗੈਰੀ ਨੂੰ - ਵੀਰੇ ਤੁਸੀ ਓਹਨੂੰ ਦਸਿਆ ਕਿਉਂ ਨਹੀਂ ਕੇ ਇਹ ਤੁਹਾਡੀ ਹੀ ਕੰਪਨੀ ਹੈ। ਆਪਾ ਇਥੇ ਅਣਜਾਣ ਬਣਨ ਦਾ ਨਾਟਕ ਕਿਉਂ ਕਰਦੇ ਪਏ ਹਾਂ?

ਗੈਰੀ ਓਹਨੂੰ ਸਮਝੁੰਦਾ।

ਗੈਰੀ - ਮਨਵੀਰ, ਆਪਾ ਬਹੁਤ ਸਮੇਂ ਬਾਅਦ ਇਥੇ ਆਏ ਹਾਂ, ਮੈਨੂੰ ਤਾਂ ਮੇਰੇ ਸਟਾਫ ਦਾ ਇਕ ਵੀ ਕੰਮਕਾਰ ਇਥੇ ਦਿਸ ਨਹੀਂ ਰਿਹਾ। ਹੋ ਸਕਦਾ ਕੇ ਆਪਾ ਇਥੇ ਕੁਝ ਗ਼ਲਤ ਸਮਝ ਕੇ ਆਏ ਹੋਵਾਂਗੇ। ਸੁਰੇਸ਼ ਇੰਨੇ ਸਾਲਾਂ ਤੋਂ ਆਪਾ ਨੂੰ ਮਿਲਣ ਨਹੀਂ ਆਇਆ । ਓਹਦੀ ਵੀ ਪਤਾ ਕਿਆ ਮਜਬੂਰੀ ਰਹੀ ਹੋਣੀ। ਓਹਨੇ ਮੇਰੇ ਪਿੱਛੇ ਕਿਹੜੇ ਹਾਲਾਤਾਂ ਮਗਰੋਂ ਇਹ ਸਭ ਸਾਂਭਿਆ ਹੋਣਾ। ਆਪਾ ਨੂੰ ਓਹਨੂੰ ਪਹਿਲਾਂ ਮਿਲ ਲੈਣਾ ਚਾਹੀਦਾ ਹੈ। ਜਦੋਂ ਤੱਕ ਆਪਾ ਓਹਦੇ ਨਾਲ ਕੋਈ ਗੱਲ ਨਹੀਂ ਕਰਦੇ, ਤਦ ਤਕ ਆਪਾ ਨੂੰ ਕੋਈ ਹੱਕ ਨਹੀਂ ਕੇ ਆਪਾ ਇਥੇ ਸਾਰਿਆ ਸਾਹਮਣੇ ਆਪਣੇ ਕੰਪਨੀ ਦੇ ਮਾਲਕ ਹੋਣ ਦਾ ਕੋਈ ਪ੍ਰਗਟਾਵਾ ਕਰੀਏ। ਫਿਲਹਾਲ ਇਹ ਗਲਤ ਹੋਵੇਗਾ | ਆਪਾ ਨੂੰ ਇਸ ਤਰਾਂ ਨਹੀਂ ਕਰਨਾ ਚਾਹੀਦਾ |

ਮਨਵੀਰ - ਪਰ ਵੀਰ।

ਗੈਰੀ - ਪਰ ਵਰ ਕੁਝ ਨਹੀਂ।

ਇਹਦੇ ਬਾਅਦ ਓਹ ਰੀਸੈਪਸ਼ਨ ਤੇ ਪਹੁੰਚ ਕੇ ਰਿਸੈਪਸ਼ਨਿਸਟ ਜੋਂ ਕੇ ਇਕ ਕੁੜੀ ਸੀ , ਓਹਨੂੰ  ਬੇਨਤੀ ਕਰਦੇ ਨੇ ਕੇ ਓਹ ਆਪਣੇ ਮਾਲਿਕ ਸੁਰੇਸ਼ ਨਾਲ ਓਹਨਾਂ ਦੀ ਗੱਲ ਕਰਵਾ ਦੇਣ।

ਗੈਰੀ - ਮੇਮ, ਪਲੀਜ ਤੁਸੀ ਉਪਰ ਸੁਰੇਸ਼ ਸਰ ਨੂੰ ਇੰਨਾ ਕਹਿ ਦੇਵੋ ਕੇ ਗੁਰਿੰਦਰ ਸਿੰਘ ਆਏ ਨੇ ਪਿੰਡ ਤੋ , ਓਹਨਾ ਨੂੰ ਮਿਲਣ ਲਈ ।

ਰੀਸੈਪਸ਼ਨ - ਠੀਕ ਹੈ ਸਰ, ਫਿਲਹਾਲ ਤਾਂ ਓਹ ਇਕ ਮੀਟਿੰਗ ਵਿਚ ਬੀਜੀ ਨੇ। ਤੁਸੀ ਇੰਤਜ਼ਾਰ ਕਰੋ। ਤੁਹਾਡਾ ਸੁਨੇਹਾ ਮੈਂ ਲਗਾ ਦੇਂਦੀ ਹਾ।

ਇਹਦੇ ਬਾਅਦ ਓਹ ਦੋਨੋ ਇੰਤਜਾਰ ਕਰਨ ਲਗਦੇ ਨੇ। ਅਚਾਨਕ ਗੈਰੀ ਦੀ ਨਿਗ੍ਹਾ ਸਾਹਮਣੇ ਸਫਾਈ ਕਰਦੇ ਇਕ ਬਜ਼ੁਰਗ ਵੱਲ ਜਾਂਦੀ ਹੈ ਜਿਹਨੂੰ ਓਹ ਬਹੁਤ ਸਮੇਂ ਤੋਂ ਜਾਣਦਾ ਸੀ। ਗੈਰੀ ਓਹਦੇ ਕੋਲ ਪਹੁੰਚਦਾ ਹੈ ਅਤੇ ਓਹਨੂੰ ਪਿੱਛੋਂ ਅਵਾਜ ਲਗਾਉਂਦਾ ਹੈ |

ਗੈਰੀ - ਕਾਕਾ, ਕਿਵੇਂ ਹੋ ਤੁਸੀ ?

ਅਚਾਨਕ ਪਿੱਛੋਂ ਆਉਂਦੀ ਆਪਣੇ ਮਾਲਕ ਦੀ ਅਵਾਜ ਸੁਣ ਓਹ ਚੌਂਕ ਜਾਂਦਾ ਹੈ। ਓਹ ਬਜ਼ੁਰਗ ਪਿੱਛੇ ਮੁੜ ਕੇ ਵੇਖਦਾ ਤਾਂ ਓਹਨੂੰ ਆਪਣੀਆ ਅੱਖਾਂ ਤੇ ਵਿਸ਼ਵਾਸ ਹੋਣ ਤੋਂ ਹੱਟ ਜਾਂਦਾ।

ਗੈਰੀ ਮੁੜ ਦੁਹਰਾਉਂਦਾ ਹੈ - ਕਾਕਾ ਕਿਵੇਂ ਹੋ ? ਘਰ ਕਿਵੇਂ ਨੇ ਸਾਰੇ ?

ਗੈਰੀ ਨੂੰ ਵੇਖ ਓਹ ਮੁੜ ਰੋਣ ਹਾਂਕਾ ਹੋ ਜਾਂਦਾ। ਪਰ ਗੈਰੀ ਓਹਨੂੰ ਸਾਂਭਦਾ ਅਤੇ ਅੱਗੋਂ ਬੋਲ ਕੇ ਓਹਨੂੰ ਇਸ ਜਗਾਂ ਤੇ ਓਹਦੇ ਬਾਰੇ ਵਿਚ ਕੁਝ ਵੀ ਦੱਸਣ ਤੋਂ ਮਨਾ ਕਰਦਾ ਹੈ।

ਗੈਰੀ - ਕੀ ਗੱਲ ਮੈਨੂੰ ਵੇਖ ਕੇ ਇੰਨਾ ਉਦਾਸ ਕਿਉਂ ਹੋ ?

ਕਾਕਾ - ਨਹੀਂ ਬੇਟਾ, ਬਹੁਤ ਅਰਸੇ ਬਾਅਦ ਤੁਹਾਨੂੰ ਦੇਖਿਆ। ਮੈਨੂੰ ਵਿਸ਼ਵਾਸ ਹੀ ਨਹੀਂ ਹੋ ਰਿਹਾ। ਤੁਸੀ ਠੀਕ ਹੋ ? ਪਰ ਤੁਹਾਡਾ ਤਾਂ

ਐਕਸੀਡੈਂਟ ਹੋਇਆ ਸੀ ? ਰੁਕੋ ਮੈਂ ਇਥੇ ਹੋਰ ਲੋਕਾਂ ਨੂੰ ਦਸਦਾ |

ਗੈਰੀ - ਨਹੀਂ ਨਹੀਂ | ਫਿਲਹਾਲ ਨਹੀਂ , ਇਥੇ ਕਿਸੇ ਨੂੰ ਹਾਲੇ ਕੁਝ ਵੀ ਨਹੀਂ ਦਸਣਾ | ਪਰ ਮੈਨੂੰ ਇਥੇ ਆਪਣੇ ਲੋਕਾਂ ਵਿੱਚੋ ਕੋਈ ਨਜ਼ਰ ਕਿਉਂ ਨਹੀਂ ਆ ਰਿਹਾ ? ਕਿੱਥੇ ਨੇ ਸਾਰੇ ?

ਕਾਕਾ - ਬੇਟਾ, ਬਹੁਤੇ ਤਾਂ ਹੁਣ ਇਥੋਂ ਕੰਮ ਛੱਡ ਕੇ ਜਾ ਚੁੱਕੇ ਨੇ |

ਗੈਰੀ - ਪਰ ਕਿਉਂ ? ਸਭ ਠੀਕ ਤਾਂ ਹੈ ਇਸ ਕੰਪਨੀ ਵਿਚ ?

ਓਹ ਬਜ਼ੁਰਗ ਅੱਗੋਂ ਗੈਰੀ ਨੂੰ ਕੁਝ ਨਹੀਂ ਦਸ ਪਾਉਂਦਾ | ਨਾ ਦੱਸਣ ਦੀ ਮਜਬੂਰੀ ਅਤੇ ਖੁਦ ਦੇ ਨੌਕਰੀ ਚਲੇ ਜਾਣ ਦਾ ਡਰ, ਕਾਕਾ ਦੇ ਚੇਹਰੇ ਤੇ ਸਾਫ਼ ਨਜ਼ਰ ਆ ਰਹੀ ਸੀ |

ਗੈਰੀ - ਅੱਛਾ , ਚਲੋ ਛੱਡੋ , ਤੁਸੀ ਠੀਕ ਹੋ ? ਸਿਹਤ ਠੀਕ ਰਹਿੰਦੀ ਤੁਹਾਡੀ ?

ਕਾਕਾ - ਮੈਂ ਠੀਕ ਹਾਂ ਪੁੱਤ । ਬਹੁਤ ਚੰਗਾ ਹਾਂ, ਤੁਹਾਨੂੰ ਦੋਬਾਰਾ ਦੇਖ ਕੇ ਹੁਣ ਹੋਰ ਵੀ ਚੰਗਾ ਹੋ ਗਿਆ ਹਾਂ। ਬੇਟਾ, ਤੁਸੀ ਹੁਣ ਆ ਗਏ ਹੋ, ਹੁਣ ਸਭ ਸਹੀ ਹੋ ਜਾਵੇਗਾ।

ਗੈਰੀ - ਮਤਲਬ। ਸਭ ਠੀਕ ਤਾਂ ਹੈ ਇਥੇ ?

ਇਹਦੇ ਬਾਅਦ ਓਹ ਬਜ਼ੁਰਗ ਨਮ ਅੱਖਾਂ ਨਾਲ ਓਥੇ ਤੋਂ ਵਿਦਾ ਲੈਂਦਾ। ਸ਼ਾਯਦ ਓਹਨੂੰ ਕੁਝ ਵਿਖ ਗਿਆ ਸੀ ਕੇ ਓਹਨੂੰ ਦੋਹਾਂ ਨੂੰ ਗੱਲ ਕਰਦਿਆਂ ਉਪਰੋਂ ਕੋਈ ਵੇਖ ਰਿਹਾ। ਹਾਂਜੀ , ਉਪਰ ਕੋਈ ਵੀ ਮੀਟਿੰਗ ਨਹੀਂ ਹੋ ਰਹੀ ਸੀ। ਰੀਸੈਪਸ਼ਨ ਤੇ ਬੈਠੀ ਕੁੜੀ ਨੇ ਜਿਵੇਂ ਹੀ ਉਪਰ ਫੋਨ ਕਰਕੇ ਸੁਰੇਸ਼ ਨੂੰ ਦਸਿਆ ਕੇ ਗੁਰਵਿੰਦਰ ਜੀ ਬਾਹਰ ਆਏ ਨੇ ਅਤੇ ਉਡੀਕ ਕਰਦੇ ਪਏ ਨੇ ਤਾਂ ਸੁਰੇਸ਼ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਗਈ। ਜਿਸ ਸ਼ਖਸ਼ ਨੂੰ ਓਹ ਕੋਮਾ ਵਿਚ ਪਿਆ ਅਤੇ ਕਦੇ ਨਾ ਵਾਪਿਸ ਆਉਣ ਵਾਲਾ ਸ਼ਖਸ਼ ਸਮਝ ਰਿਹਾ ਸੀ ,ਓਹ ਅੱਜ ਮੁੜ ਸੁਰਜੀਤ ਹੋ ਕੇ ਓਹਦੇ ਸਾਹਮਣੇ ਖੜਾ ਸੀ। ਇਸ ਸਭ ਦੀ ਉਮੀਦ ਓਹਨੇ ਬਿਲਕੁਲ ਵੀ ਨਹੀਂ ਕਰੀ ਸੀ। ਪਰ ਹੁਣ ਕੋਈ ਢੁਕਵਾਂ ਹੱਲ ਤਾਂ ਓਹਨੇ ਕੱਢਣਾ ਹੀ ਸੀ।

ਪਹਿਲਾਂ ਪਹਿਲਾਂ ਤਾਂ ਓਹਨੇ ਇਹੀ ਸੋਚਿਆ ਕੇ ਨੀਚੇ ਆ ਕੇ ਗੈਰੀ ਸਰ ਦੀ ਸਿਹਤ ਦਾ ਸਾਰ ਲੀਤਾ ਜਾਵੇ | ਪਰ ਫੇਰ ਓਹਦੇ ਮਨ ਵਿਚ ਆਇਆ ਕੇ ਇੰਨੇ ਵਕ਼ਤ ਮਗਰੋਂ ਓਹਦੇ ਮਾਲਿਕ ਆਏ ਨੇ , ਓਹਨਾ ਨੂੰ ਕੀ ਪਤਾ ਕੇ ਇਥੇ ਕੀ ਕੁਝ ਹੁੰਦਾ ਰਿਹਾ ਇੰਨੇ ਸਾਲ ਤੋਂ ? ਇਹ ਵੀ ਤਾਂ ਹੋ ਸਕਦਾ ਕੇ ਥੋੜਾ ਇੰਤਜ਼ਾਰ ਕਰਨ ਮਗਰੋਂ ਓਹ ਵਾਪਿਸ ਪਿੰਡ ਨੂੰ ਹੀ ਪਰਤ ਜਾਣ | ਓਹਨਾ ਨੂੰ ਇੰਤਜਾਰ ਕਰਵਾਉਣਾ ਹੀ ਬੇਹਤਰ ਹੈ | ਇਹੀ ਬੇਹਤਰ ਆਪਸ਼ਨ ਹੈ | ਥੋੜਾ ਚਿਰ ਓਹ ਬੈਠਣਗੇ ਤੇ ਵਾਪਿਸ ਆਪਣੇ ਪਿੰਡ ਨੂੰ ਮੁੜ ਜਾਣਗੇ |

ਫੇਰ ਸੁਰੇਸ਼ ਰੀਸੈਪਸ਼ਨ ਤੇ ਫੋਨ ਕਰਕੇ ਓਸੇ ਕੁੜੀ ਨੂੰ ਬੋਲਦਾ - ਜੌ ਵੀ ਇਥੇ ਆਏ ਨੇ , ਓਹਨਾ ਨੂੰ ਸਿਰਫ ਆਹੀ ਕਹੋ ਕੇ ਮੈਂ ਫਿਲਹਾਲ ਮੀਟਿੰਗ ਵਿਚ ਬੀਜੀ ਹਾਂ , ਆਰਡਰ ਆਹੀ ਹੈ ਦੋ ਘੰਟੇ ਲਈ ਕੋਈ ਵੀ ਅੰਦਰ ਨਹੀਂ ਆ ਸਕਦਾ | ਕਲ ਹੀ ਓਹ ਮਿਲਣ ਤਾਂ ਬੇਹਤਰ ਹੈ |

ਰੀਸੈਪਸ਼ਨ ਤੇ ਬੈਠੀ ਕੁੜੀ ਨੇ ਗੈਰੀ ਅਤੇ ਮਨਵੀਰ ਨੂੰ ਆਹੀ ਕੁਝ ਕਿਹਾ |

ਗੈਰੀ - ਕੋਈ ਗੱਲ ਨਹੀਂ , ਅਸੀਂ ਉਡੀਕ ਕਰ ਲੈਂਦੇ ਹਾਂ | ਬਹੁਤ ਦੂਰੋਂ ਚੱਲ ਕੇ ਆਏ ਹਾਂ ਅਸੀਂ , ਸਰ ਸਾਨੂੰ ਅੱਜ ਹੀ ਟਾਈਮ ਦੇਣ ਤਾਂ ਬਹੁਤ ਵਧੀਆ ਰਹੇਗਾ |

ਇਹਦੇ ਬਾਅਦ ਗੈਰੀ ਅਤੇ ਮਨਵੀਰ ਰੀਸੈਪਸ਼ਨ ਵਿਚ ਮੌਜੂਦ ਸੋਫੇ ਤੇ ਬੈਠ ਉਪਰ ਬਣੇ ਆਫਿਸ ਵੱਲ ਨੂੰ ਗੌਰ ਨਾਲ ਵੇਖਦੇ ਰਹੇ | ਸੁਰੇਸ਼ ਵੀ ਉਪਰੋਂ ਲੁਕ ਲੁਕ ਕੇ ਓਹਨਾ ਦੋਹਾਂ ਨੂੰ ਵੇਖਦਾ ਰਿਹਾ ਕੇ ਕਦੋਂ ਓਹ ਦੋਨੋਂ ਆਪਣੇ ਘਰ ਨੂੰ ਵਾਪਿਸ ਜਾਣਗੇ | ਬਹੁਤ ਵਕ਼ਤ ਹੋ ਚੁੱਕਾ ਸੀ ਅਤੇ ਉਪਰੋਂ ਫਰੇਮ ਤੋ ਸੁਰੇਸ਼ ਨੂੰ ਚੋਰੀ ਵੇਖਦਾ , ਗੈਰੀ ਸਾਰਾ ਕੁਝ ਜਾਣ ਚੁੱਕਾ ਸੀ | ਪਰ ਗੈਰੀ ਦੇ ਮਨ ਦੀ ਜਿਗਿਆਸਾ ਇਹੀ ਕੇਹੰਦੀ ਪਈ ਸੀ ਕੇ ਹੋਰ ਪਤਾ ਚੱਲ ਪਾਵੇ ਕੇ ਇਹਨਾਂ ਤਿੰਨ ਸਾਲਾਂ ਵੀ ਕੀ ਕੁਝ ਬਦਲ ਗਿਆ | ਇਨਸਾਨ ਜਿਸ ਉੱਤੇ ਓਹਨੂੰ

ਇੰਨਾ ਭਰੋਸਾ ਸੀ , ਫਿਲਹਾਲ ਓਹ ਤਾਂ ਹੁਣ ਬਦਲ ਹੀ ਚੁੱਕਾ ਸੀ | ਓਸੇ ਕਾਕਾ ਨੇ ਆਪਣੀਆਂ ਕੰਬਦੇ ਹੱਥਾਂ ਨਾਲ ਗੈਰੀ ਨੂੰ ਚਾਹ ਦਿੱਤੀ | ਓਹਦੀਆਂ ਅੱਖਾਂ ਵਿਚ ਹਾਲੇ ਵੀ ਭਰੀਆਂ ਹੋਈਆਂ ਸਨ | ਓਹ ਚਾਹੁੰਦਾ ਸੀ ਕੇ ਗੈਰੀ ਨੂੰ ਦੱਸੇ ਕੇ ਇਥੇ ਹੋਰ ਕੀ ਕੁਝ ਹੁੰਦਾ ਰਿਹਾ | ਕਿੰਨਾ ਅਨਾਏ ਹੁੰਦਾ ਰਿਹਾ ਓਹਦੇ ਮਗਰੋਂ | ਜਿਵੇਂ ਜਿਵੇਂ ਵਕ਼ਤ ਲੰਘਦਾ ਗਿਆ , ਓਵੇ ਓਵੇਂ ਹੋਰ ਵੀ ਪੁਰਾਣੇ ਵਰਕਰ ਗੈਰੀ ਨੂੰ ਨੇੜੇ ਹੋ ਕੇ ਵੇਖਦੇ ਰਹੇ | ਪਰ ਗੈਰੀ ਹਾਲੇ ਵੀ ਸਭ ਨੂੰ ਇਸ਼ਾਰਿਆ ਵਿਚ ਇਕੋ ਗੱਲ ਆਖਦਾ ਪਿਆ ਸੀ ਕੇ ਹਾਲੇ ਕਿਸੇ ਨੂੰ ਅੱਗੇ ਕੁਝ ਨਾ ਦਸਿਓ ਕੇ ਓਹ ਕੌਣ ਹੈ ?

ਰੀਸੈਪਸ਼ਨ ਵਾਲੀ ਕੁੜੀ ਵੀ ਆਹੀ ਸੋਚਦੀ ਪਈ ਸੀ ਕੇ ਇਹ ਸ਼ਖਸ ਆਇਆ ਕੌਣ ਹੈ ਜੌ ਕੇ ਆਫਸ ਦੇ ਸਾਰੇ ਪੁਰਾਣੇ ਸਟਾਫ ਨੂੰ ਜਾਣਦਾ ਹੈ | ਸਾਰੇ ਸਟਾਫ ਦੀਆਂ ਅੱਖਾਂ ਓਸ ਵਲ ਵੇਖ ਕੇ ਨਮ ਕਿਉਂ ਨੇ ? ਕੋਈ ਓਹਨਾਂ ਬਾਰੇ ਕੁਝ ਬੋਲ ਜਾ ਦਸ ਕਿਉਂ ਨਹੀਂ ਰਿਹਾ ?

ਦੋ ਘੰਟੇ ਤੇ ਇੰਤਜਾਰ ਮਗਰੋਂ ਗੈਰੀ ਨੇ ਆਪਣੀ ਚੁੱਪੀ ਤੋੜ ਹੀ ਦਿੱਤੀ | ਓਹ ਖੜਾ ਹੋਇਆ ਅਤੇ ਆਪ ਹੀ ਉਪਰ ਭੱਜ ਕੇ ਕੈਬਿਨ ਵਿਚ ਦਾਖਿਲ ਹੋਇਆ | ਰੀਸੈਪਸ਼ਨ ਵਾਲੀ  ਕੁੜੀ ਅਤੇ ਹੋਰ ਲੋਕ ਵਰਕਰ ਓਹਨੂੰ ਅਜਿਹਾ ਕਰਨ ਤੋਂ ਰੋਕਣ ਲਈ ਓਹਦੇ ਮਗਰ ਭੱਜੇ ਜਰੂਰ, ਐਪਰ ਓਹਨੂੰ ਅੰਦਰ ਪਹੁੰਚਣ ਤੋ ਰੋਕਣ ਵਿਚ ਅਸਫਲ ਰਹੇ |

ਇਹਦੇ ਬਾਅਦ , ਅਚਾਨਕ ਇਸ ਤਰਾਂ ਗੈਰੀ ਦੇ ਅੰਦਰ ਦਾਖਿਲ ਹੋਣ ਨਾਲ ਸੁਰੇਸ਼ ਨੂੰ ਕੰਬਣੀ ਪੈਅ ਜਾਂਦੀ ਹੈ | ਓਹ ਘਾਬਰ ਕੇ ਆਪਣੀ ਕੁਰਸੀ ਤੋਂ ਉੱਠ ਖੜਾ ਹੋ , ਗੈਰੀ ਦੇ ਪੈਰਾਂ ਵਿਚ ਪੈਅ ਜਾਂਦਾ ਹੈ ਅਤੇ ਓਹਦੇ ਤੋਂ ਮਾਫ਼ੀ ਮੰਗਣ ਲੱਗ ਜਾਂਦਾ ਹੈ |

ਸੁਰੇਸ਼ - ਸਾਰੀ ਸਰ , ਸਾਰੀ ਸਰ | ਆ ਆਮ ਵੈਰੀ ਸਾਰੀ |

ਗੈਰੀ - ਦਸ ਮੈਨੂੰ, ਇਥੇ ਕਿਹੜੀ ਮੀਟਿੰਗ ਚਲਦੀ ਪਈ ਆ ਅੰਦਰ ? ਕਦੋਂ ਦਾ ਦੇਖਦਾ ਪਿਆ ਤੈਨੂੰ ਬਾਹਰ ਬੈਠਾ |

ਗੈਰੀ ਇਸ ਵਕ਼ਤ ਪੂਰਾ ਗੁੱਸੇ ਨਾਲ ਤਪਿਆ ਹੋਇਆ ਸੀ | ਓਹਨੇ ਅੰਦਰ ਆਉਂਦਿਆ ਸਾਰ ਹੀ ਪਹਿਲਾਂ ਸੁਰੇਸ਼ ਦਾ ਕਾਲਰ ਫੜਿਆ ਅਤੇ ਖਿੱਚ ਕੇ ਇਕ ਲਫੇਡ ਓਹਦੇ ਕੰਨ ਤੇ ਧਰ ਕੇ ਮਾਰੀ | ਫੇਰ ਓਹਨੇ ਹੋਰ ਗੁੱਸੇ ਵਿਚ ਇਕ ਦੋ ਹੋਰ ਛੱਡੀਆਂ |

ਪਿੱਛੋਂ ਸਟਾਫ ਨੇ ਅੰਦਰ ਆ ਕੇ ਗੈਰੀ ਦੀ ਬਾਂਹ ਫੜੀ ਅਤੇ ਓਹਨੂੰ ਹੱਥੋਂ ਪਈ ਹੋਣ ਤੋਂ ਰੋਕਿਆ |

ਸੁਰੇਸ਼ - ਆਈ ਐਮ ਸਾਰੀ ਸਰ | ਜੇਕਰ ਮੈਨੂੰ ਪਤਾ ਹੁੰਦਾ ਕੇ ਤੁਸੀ ਇਥੇ ਆਉਣਾ ਤਾਂ ਮੈਂ ਆਪ ਆਉਂਦਾ ਤੁਹਾਨੂੰ ਪਿੰਡ ਤੋਂ ਲੈਣ ਲਈ |

ਸੁਰੇਸ਼ ਦੇ ਮੂਹੋ ਇਹ ਸੁਣ ਕੇ ਸਾਰਾ ਸਟਾਫ ਹੀ ਇਕ ਭੂੰਜੇ ਬਹਿ ਗਿਆ | ਓਹਨਾਂ ਨੂੰ ਸਮਝ ਹੀ ਨਾ ਆ ਰਹੀ ਹੋਵੇ ਕੇ ਓਹਨਾ ਦਾ ਬੋਸ ਇਸ ਅਣਜਾਣ ਸ਼ਖਸ਼ ਤੋ ਕੁੱਟ ਖਾ ਕੇ ਮਾਫ਼ੀ ਕਿਉਂ ਮੰਗਦਾ ਪਿਆ ਹੈ ?

ਓਹਦੇ ਪਿੱਛੋਂ ਮਨਵੀਰ ਵੀ ਅੰਦਰ ਆ ਗਿਆ ਅਤੇ ਓਹ ਵੀ ਸਮਝ ਗਿਆ ਕੇ ਅੰਦਰ ਕੀ ਕੁਝ ਵਾਪਰਿਆ ਹੋਣਾ | ਮੁਢਲੀ ਕਤਾਰ ਵਿਚ ਖੜਾ ਸਟਾਫ ਜਿੱਥੇ ਇਹ ਸਾਰਾ ਕੁਝ ਸਮਝਣਾ ਵਿਚ ਬੇਬਸ ਸੀ , ਓਥੇ ਹੀ ਪਿਛਲੀ ਕਤਾਰ ਵਿਚ ਕੁਝ ਲੋਕ ਸਨ ਜੌ ਨਿੰਮਾ ਨਿੰਮਾ ਹਸਦੇ ਪਏ ਸਨ ਅਤੇ ਸਮਝ ਗਏ ਸਨ ਕੇ ਓਹਨਾ ਦੇ ਅਸਲੀ ਮਾਲਕ ਅੱਜ ਕੰਮ ਤੇ ਆ ਚੁੱਕੇ ਨੇ | ਹੌਲੀ ਹੌਲੀ ਓਹਨਾ ਨੀ ਹੀ ਸਾਰਿਆ ਨੂੰ ਦਸਿਆ ਕੇ ਇਹੀ ਇਸ ਦਫ਼ਤਰ ਦੇ ਅਸਲੀ ਮਾਲਕ ਨੇ ਅਤੇ ਅੱਜ ਇੰਨੇ ਸਾਲਾਂ ਬਾਅਦ ਆਏ ਨੇ | ਸਾਰੇ ਹੁਣ ਅੱਖਾਂ ਨੀਵਿਆਂ ਕਰਕੇ ਖੜੇ ਸਨ ਅਤੇ ਆਪਣੇ ਇਸ ਵਤੀਰੇ ਲਈ ਗੈਰੀ ਤੋਂ ਮਾਫ਼ੀ ਮੰਗਣ ਲੱਗ ਪਏ ਸਨ |

ਇਹਦੇ ਬਾਅਦ ਗੈਰੀ ਨੇ ਸਭ ਨੂੰ ਬਾਹਰ ਜਾਣ ਲਈ ਕਿਹਾ ਅਤੇ ਹੁਣ ਓਸ ਕਮਰੇ ਵਿਚ ਸਿਰਫ ਗੈਰੀ , ਮਨਵੀਰ ਅਤੇ ਸੁਰੇਸ਼ ਹੀ ਰਹਿ ਗਏ ਸਨ |

ਸੁਰੇਸ਼ - ਆ ਆਮ ਸਾਰੀ ਸਰ , ਮੈਨੂੰ ਮਾਫ਼ ਕਰ ਦਿਓ | ਮੇਰੀ ਗਲਤੀ ਹੈ ਸਾਰੀ | ਮੈਂ ਤੁਹਾਡੇ ਤੋਂ ਤਹੇ ਦਿਲੋਂ ਮਾਫ਼ੀ ਮੰਗਦਾ ਹਾਂ |

ਗੈਰੀ - ਠੀਕ ਹੈ | ਕੱਲ ਤੋਂ ਮੈਂ ਇਥੇ ਰੋਜ ਆਵਾਂਗਾ ਅਤੇ ਸਾਰਾ ਕੰਮ ਸਾਂਭ ਕੇ ਦੇਖਦਾ ਕੇ ਇੰਨੇ ਸਾਲਾਂ ਤੋਂ ਇਥੇ ਕੀ ਕੁਝ ਹੁੰਦਾ ਪਿਆ ਹੈ।

ਸੁਰੇਸ਼ - ਪਰ ਸਰ, ਤੁਸੀ ਇਥੇ ? ਮੈਂ ਹਾਂ ਨਾ ਇਥੇ , ਮੈਂ ਸਭ ਦੇਖ ਲਵਾਂਗਾ।।

ਗੈਰੀ - ਨਹੀਂ , ਤੂੰ ਕੱਲ ਸਿਰਫ ਮੈਨੂੰ ਰਿਕਾਰਡ ਦੇਵੇਂਗਾ । ਪਿਛਲੇ ਤਿੰਨ ਸਾਲਾਂ ਦਾ।

ਸੁਰੇਸ਼ - ਪਰ ਸਰ ਇਹ ਕੰਪਨੀ ਤੁਹਾਡੀ ਨਹੀਂ ਹੈ, ਤਾਂ ਤੁਸੀ ਸਾਰਾ ਰਿਕਾਰਡ ਲੈਅ ਕੇ ਕਰੋਗੇ ਵੀ ਕੀ?

ਗੈਰੀ - ਮਤਲਬ , ਤੇਰੇ ਕਹਿਣ ਦਾ ਕਿਆ ਮਤਲਬ ਹੋਇਆ ?

ਸੁਰੇਸ਼ - ਸਰ , ਇਹ ਕੰਪਨੀ ਤਾਂ ਦੋ ਸਾਲ ਪਹਿਲਾਂ ਹੀ ਵਿਕ ਚੁੱਕੀ ਹੈ । ਮੈਂ ਤੁਹਾਨੂੰ ਇਹ ਦੱਸਣਾ ਤਾਂ ਨਹੀਂ ਸੀ ਚਾਹੁੰਦਾ, ਪਰ ਸੱਚਾਈ ਆਹੀ ਹੈ ਕੇ ਇਹ ਕੰਪਨੀ ਬਹੁਤ ਵਕਤ ਪਹਿਲਾਂ ਹੀ ਵਿਕ ਚੁੱਕੀ ਸੀ। ਮੈਂ ਤਾਂ ਇਥੇ ਆਪਣੇ ਸੇਅਰ ਵਜੋਂ ਸਭ ਸਾਂਭ ਰਿਹਾ ਹੈ , ਇਕ ਮੈਨੇਜਰ ਦੇ ਨਾਤੇ।

ਗੈਰੀ - ਮੇਰੇ ਬਿਨਾ ਪੁੱਛੇ ਇਹ ਵਿਕ ਕਿਵੇਂ ਸਕਦੀ ਹੈ ?

ਸੁਰੇਸ਼ - ਸਰ ਇਨਵੇਸਟਰ, ਓਹ ਤਾਂ ਇਸ ਕੰਪਨੀ ਨੂੰ ਵੇਚ ਸਕਦੇ ਨੇ ਨਾ ? ਓਹਨਾ ਦਾ ਵੀ ਤਾਂ ਤੁਹਾਡੀ ਕੰਪਨੀ ਵਿਚ ਸ਼ੇਅਰ ਜੁੜਿਆ ਹੋਇਆ ਸੀ। ਤੁਹਾਡੇ ਜਾਣ ਬਾਅਦ ਕੰਪਨੀ ਘਾਟੇ ਵਿੱਚ ਜਾਣ ਲੱਗੀ ਤਾਂ ਓਹਨਾ ਨੇ ਇਹ ਸਭ ਮੈਨੂੰ ਸਾਂਭ ਦਿੱਤਾ ਅਤੇ ਮੈਂ ਓਹਨਾ ਨੂੰ ਭਰੋਸਾ ਦਵਾਉਂਦੇ ਹੋਏ ,ਇਸ ਕੁਰਸੀ 'ਤੇ ਬੈਠਾ ਹਾਂ।

ਹੁਣ ਕਾਇਦੇ ਵਜੋਂ ਮੈਂ ਇਸ ਕੰਪਨੀ ਦਾ ਕਾਰਜਕਾਰੀ ਮਾਲਕ ਹਾਂ | ਸਰ, ਮੈਂ ਤੁਹਾਡੀ ਰੇਸਪੈਕਟ ਕਰਦਾ, ਪਰ ਅਸਲੀਅਤ ਆਹੀ ਹੈ ਕੇ ਤੁਸੀ ਹੁਣ ਇਸ ਕੰਪਨੀ ਵਿਚ ਕੋਈ ਮਾਇਨੇ ਨਹੀਂ ਰੱਖਦੇ। ਤੁਸੀ ਮੈਨੂੰ 9 ਪ੍ਰਤੀਸ਼ਤ ਹਿੱਸੇਦਾਰੀ ਦਿੱਤੀ ਸੀ , ਅੱਜ ਮੇਰੀ ਹਿੱਸੇਦਾਰੀ 25 ਪ੍ਰਤੀਸ਼ਤ ਹੈ। ਤੁਹਾਡੀ ਹਿੱਸੇਦਾਰੀ ਕਿੰਨੀ ਹੈ, ਇਹ ਤਾਂ ਇਨਵੇਸਟਰ ਹੀ ਦਸ ਸਕਦੇ ਨੇ ਜਿਨਾ ਕੋਲ ਸ਼ੁਰੂ ਤੋਂ 55 ਪ੍ਰਤੀਸ਼ਤ ਤੋਂ ਵੱਧ ਹਿੱਸੇਦਾਰੀ ਰਹੀ ਸੀ।। ਫੇਰ ਵੇਚਣ ਮਗਰੋਂ ਓਹਨਾ ਦੀ ਹਿੱਸੇਦਾਰੀ 75 ਪ੍ਰਤੀਸ਼ਤ ਹੋ ਗਈ |

ਇਹ ਸਭ ਜਾਣ ਕੇ ਗੈਰੀ ਨੂੰ ਬਹੁਤ ਵੱਡਾ ਧੱਕਾ ਲੱਗਾ। ਜਿਸ ਵਪਾਰ ਨੂੰ ਓਹਨੇ ਅਤੇ ਓਹਦੀ ਘਰਵਾਲੀ ਸੁਰਵੀਨ ਨੇ ਇੰਨੀ ਮਿਹਨਤ ਅਤੇ ਇਮਾਨਦਾਰੀ ਨਾ ਖੜਾ ਕਰਿਆ ਸੀ , ਓਹ ਹੁਣ ਓਹਦਾ ਹੈ ਹੀ ਨਹੀਂ ਸੀ।

ਜਿਵੇਂ ਹੀ ਓਹ ਅਤੇ ਮਨਵੀਰ , ਕੈਬਿਨ ਤੋ ਬਾਹਰ ਨਿਕਲ ਕੇ ਰੀਸੈਪਸ਼ਨ ਤੱਕ ਆਏ , ਆਫਿਸ ਦੇ ਬਹੁਤ ਸਾਰੇ ਸਟਾਫ ਦੇ ਲੋਕ ਓਹਨੂੰ ਮਿਲਣ ਲਈ ਅੱਗੇ ਵਧੇ। ਬਹੁਤ ਸਾਰੇ ਚੇਹਰੇ ਨਵੇਂ ਸਨ ਤੇ ਕੁਝ ਪੁਰਾਣੇ। ਸਭ ਪੁਰਾਣੇ ਲੋਕ ਖੁਸ਼ ਸਨ , ਕੁਝ ਨਵੇਂ ਹੈਰਾਨ ਵੀ , ਪਰ ਸਾਰੇ ਓਸ ਵਕ਼ਤ ਅਸਲੀਅਤ ਤੋਂ ਅਣਜਾਣ ਵੀ | ਉਪਰੋਂ ਸੁਰੇਸ਼ ਨੇ ਜਦ ਨਿਗ੍ਹਾ ਮਾਰੀ ਅਤੇ ਓਹਨੇ ਵੇਖਿਆ ਕੇ ਦੋਵੇਂ ਜੇਨੇ ਵਾਪਿਸ ਪਰਤ ਰਹੇ ਸਨ | ਆਪਣੇ ਘਰ ਵੱਲ ਜਾਂਦਿਆ ਵੇਖ , ਸੁਰੇਸ਼ ਨੂੰ ਸੁਖ ਦਾ ਸਾਹ ਆਇਆ | ਪਰ ਕਦੋਂ ਤੱਕ , ਇੰਵੇਸਟਰ ਦੀ ਗੱਲ ਤਾਂ ਅਚਨਚੇਤ ਹੀ ਓਹਦੇ ਮੂੰਹੋ ਨਿਕਲ ਗਈ | ਪਰ ਕਿਆ ਏਜ ਸਾਰਾ ਸੱਚ ਸੀ , ਜਾ ਸਿਰਫ ਇਕ ਝੂਠ ਦਾ ਪਰਦਾ | ਪਰ ਕਿਆ ਮਾਇਨੇ ਰੱਖਦਾ , ਵਪਾਰ ਵਿਚ , ਦੋ ਮਿੱਠੇ ਬੋਲ ਅਤੇ ਸੂਝ ਬੂਝ ਨਾਲ ਕੀਤੇ ਸਹੀ ਨਿਰਣੇ | ਇਹੀ ਵਪਾਰ ਹੈ |

ਇਹ ਹੁਣ ਪਰਤ ਦਰ ਪਰਤ ਤੁਹਾਡੇ ਸਾਹਮਣੇ ਰੱਖਿਆ ਜਾਵੇਗਾ , ਗੈਰੀ ਅੱਜ ਵਪਾਰ ਵਿਚ ਕਿਵੇਂ ਹਾਰਿਆ |

ਪਰ ਫਿਲਹਾਲ ਹੁਣ ਤਾਂ, ਗੈਰੀ ਸਾਹਮਣੇ ਨਵੀਂ ਮੁਸ਼ਕਿਲ ਆਹੀ ਸੀ ਕੇ ਓਹ ਕਿਸ ਹੈਸੀਅਤ ਨਾਲ ਇਥੇ ਆਇਆ ਸੀ। ਪੁਰਾਣੇ ਚੇਹਰੇ ਓਹਨੂੰ ਵੇਖ ਕੇ ਖੁਸ਼ ਸਨ ਕਿਉਂਕਿ ਓਹਨਾ ਨੂੰ ਗੈਰੀ ਦੇ ਅਸਲੀ ਦੁਖਾਂ ਦਾ ਪਤਾ ਸੀ। ਨਵੇਂ ਉਤਸੁਕ ਕੇ ਓਹਨਾ ਦਾ ਅਸਲ ਮਾਲਿਕ ਅੱਜ ਅਚਾਨਕ ਓਹਨਾ ਦੇ ਸਾਹਮਣੇ ਸੀ। ਕਿਵੇਂ ਓਹਦੀ ਖ਼ਿਦਮਤ ਕਰੀਏ ? ਕਰੀਏ ਵੀ ਜਾ ਨਹੀਂ |

ਜਿਵੇਂ ਹੀ ਓਹ ਸਾਰੇ ਗੈਰੀ ਦੇ ਕੋਲ ਹੋਏ, ਗੈਰੀ ਨੇ ਹੱਥ ਜੋੜ ਕੇ ਓਹਨਾਂ ਤੋ ਮਾਫੀ ਮੰਗੀ। ਮਨਵੀਰ ਨੇ ਆਪਣੇ ਵੱਡੇ ਵੀਰ ਨੂੰ ਸਾਂਭਿਆ ਅਤੇ ਓਸ ਹਾਲਾਤ ਵਿਚ ਬਾਹਰ ਆਉਣਾ ਹੀ ਬੇਹਤਰ ਸਮਝਿਆ। ਸਭ ਤੋਂ ਹੱਥ ਜੋੜ ਕੇ ਮਾਫ਼ੀ ਮੰਗਣ ਵਾਲੇ ਦ੍ਰਿਸ਼ ਨੇ ਸਭ ਨੂੰ ਇਹ ਤਾਂ ਦੱਸ ਹੀ ਦਿੱਤਾ ਕੇ ਫਿਲਹਾਲ ਇਹ ਓਹਨਾ ਦਾ ਮਾਲਿਕ ਤਾਂ ਨਹੀਂ ਹੈ | ਪਰ ਇੰਨੀ ਵਿੰਮਰਤਾ ਅਤੇ ਸਾਫ ਕਿਰਦਾਰ ਕਿਸੇ ਮਾਲਿਕ ਦਾ ਹੋ ਸਕਦਾ , ਇਸ ਸਭ ਤੋਂ ਸਾਰੇ ਹੈਰਾਨ ਸਨ | ਨਵੇਂ ਅਤੇ ਪੁਰਾਣੇ ਵਰਕਰ ਦੋਨੋਂ ਹੀ |

ਅਖੀਰ , ਥੱਕ ਹਾਰ ਗੈਰੀ ਓਥੋਂ ਨਿਕਲਿਆ | ਰਸਤੇ ਵਿਚ ਸੜਕ ਤੇ ਤੁਰਦਿਆ ਓਹਨੇ ਮਨਵੀਰ ਨਾਲ ਕੋਈ ਗੱਲ ਨਾ ਕਰੀ। ਗੈਰੀ

ਹੁਣ ਬੇਸੁੱਧ ਜੇਹਾ ਹੋਇਆ ਅਣਜਾਣ ਰਾਹ ਤੇ ਤੁਰਦਾ ਜਾਵੇ। ਓਹਨੂੰ ਇਹ ਆਸ ਸੀ ਕੇ ਜੇਕਰ ਓਹਦੀ ਕੰਪਨੀ ਓਹਨੂੰ ਵਾਪਿਸ ਮਿਲ ਜਾਂਦੀ ਤਾਂ ਓਹ ਆਪਣੇ ਭਾਈ ਭੈਣ ਦਾ ਭਵਿੱਖ ਬੇਹਤਰ ਕਰ ਸਕਦਾ ਸੀ।

ਮੇਰੇ ਹਿਸਾਬ ਨਾਲ ਗੈਰੀ ਆਪਣੀ ਜਗ੍ਹਾ ਬਿਲਕੁਲ ਸਹੀ ਸੀ , ਪਰ ਓਹਦੀ ਕਿਸਮਤ ਸ਼ਾਯਦ ਅੱਜ ਫੇਰ ਮਾਤ ਦੇ ਗਈ। ਕਿਸੇ ਨੇ ਠੀਕ ਹੀ ਕਿਹਾ ਕੇ ਇਨਸਾਨ ਨੂੰ ਮੋਹ ਨਹੀਂ ਹੋਣਾ ਚਾਹੀਦਾ , ਆਪਣੇ ਕੰਮ ਦਾ , ਆਪਣੀ ਕਮਾਈ ਦਾ। ਪਰ ਰੱਖਦੇ ਨੇ , ਆਪਣੇ ਵਿਚੋਂ ਬਹੁਤ ਸਾਰੇ ਰੱਖਦੇ ਨੇ। ਅਤੇ ਕਦੇ ਨਾ ਕਦੇ ਆਹੀ ਮੋਹ , ਅੱਗੇ ਜਾ ਕੇ ਜੇਕਰ ਸਫ਼ਲਤਾ ਦੇਵੇ ਤਾਂ ਹੰਕਾਰ ਪੈਦਾ ਕਰਦਾ ਹੈ ਅਤੇ ਜੇਕਰ ਅਸਫ਼ਲਤਾ ਦੇਵੇ ਤਾਂ ਨਿਰਾਸ਼ਾ ਪੈਦਾ ਕਰਦਾ ਹੈ। ਇਹੀ ਕੁਝ ਵਾਪਰਿਆ ਸੀ ਗੈਰੀ ਨਾਲ ਓਸ ਦਿਨ।

ਪਰ ਇਹ ਮੋਹ ਓਹਦੇ ਖੁਦ ਦੇ ਸਵਾਰਥ ਲਈ ਹੋਵੇ ਤਾਂ ਮੈਂ ਓਹਦਾ ਨਿਰਾਸ਼ ਹੋਣਾ ਜਯੇਜ ਮੰਨ ਲੈਂਦਾ | ਪਰ ਓਹਦੇ ਸੁਫ਼ਨਿਆਂ ਦੇ ਵਿਖਰਣ ਵਿਚ , ਇਹ ਸਾਰਾ ਘਟਨਾਕਰਮ ਦੌਰਾਨ ਓਹਦੇ ਭਾਈ ਭੈਣ ਦੇ ਭਵਿੱਖ ਦਾ ਖਿਲਾਰ ਜਾਣਾ , ਇਹ ਗ਼ਲਤ ਹੈ।। ਅਤੇ ਰੱਬ ਵੀ ਇਹ ਸਭ ਜਾਣਦਾ ਹੈ।।

ਹੁਣ ਨਿਰਾਸ਼ ਗੈਰੀ ਬੇਸੁੱਧ ਹੋਇਆ ਸੜਕ ਤੇ ਤੁਰਿਆ ਜਾਵੇ ਅਤੇ ਮਨਵੀਰ ਓਹਦੇ ਮਗਰ ਮਗਰ। ਪਰ ਜਾਣਾ ਕਿੱਥੇ ਹੈ , ਇਹ ਦੋਹਾਂ ਨੂੰ ਨਹੀਂ ਸੀ ਪਤਾ। ਸੜਕ ਪਾਰ ਕਰਨ ਲਗਿਆ ਜਿਵੇਂ ਹੀ ਗੈਰੀ ਅੱਗੇ ਵਧਿਆ ਤਾਂ ਇਕ ਮੋਟਰ ਸਾਈਕਲ ਵਾਲਾ ਅਚਾਨਕ ਓਹਦੇ ਨਾਲ ਟਕਰਾ ਗਿਆ। ਮਨਵੀਰ ਜੌ ਨਾਲ ਤੁਰਦਾ ਆ ਰਿਹਾ ਸੀ ਓਹਨੇ ਆਪਣੇ ਵੱਡੇ ਭਾਈ ਨੂੰ ਡਿੱਗਨ ਤੋਂ ਬਚਾ ਲਿਆ।

ਪਰ ਬੇਸੁੱਧ ਹੋਏ ਅਤੇ ਇਕੱਲਿਆ ਭੀੜ ਭਾੜ ਵਾਲੇ ਰਾਹ ਤੇ ਤੁਰਦਿਆ ਸੜਕ ਤੇ ਓਹ ਅਚਾਨਕ ਇਕ ਮੋਟਰਸਾਈਕਲ ਨਾਲ ਟਕਰਾਅ ਜਾਂਦਾ ਹੈ | ਮੋਟਰਸਾਈਕਲ ਦੇ ਅਚਾਨਕ ਗੈਰੀ ਵਿਚ ਵਜ਼ਨ ਨਾਲ ਗੈਰੀ ਦਾ ਹੱਥ ਥੋੜ੍ਹਾ ਜਖਮੀ ਹੋ ਗਿਆ ਸੀ। ਸੱਟ ਲਗਨ ਕਾਰਨ ਕੁਝ ਖ਼ੂਨ ਦੇ ਛਿੱਟੇ ਓਹਦੀ ਕਮੀਜ ਤੇ ਵੀ ਲੱਗ ਗਏ ਸਨ। ਮਨਵੀਰ ਨੇ ਆਪਣੇ ਭਾਈ ਨੂੰ ਕਿਸੇ ਤਰ੍ਹਾ ਸਾਂਭਦੇ ਹੋਏ ਕੋਲ ਦੇ ਮੈਡੀਕਲ ਸਟੋਰ ਕੋਲ ਲੈਅ ਜਾ ਕੇ ਗੈਰੀ ਦੇ ਹੱਥ ਤੇ ਪੱਟੀ ਬਨਵਾਈ ਅਤੇ ਅਫ਼ਸਰ ਵੀਰ ਨੂੰ ਫੋਨ ਕਰਕੇ ਓਹਦਾ ਘਰ ਦਾ ਐਡਰੈੱਸ ਮੰਗਿਆ। ਓਹਨੇ ਓਹ ਕਰਿਆ ਜੌ ਓਹਨੂੰ ਓਸ ਵਕਤ ਸਹੀ ਲੱਗਿਆ।

ਫੇਰ ਓਹਨੇ ਹੁਣ ਇਹ ਸਾਰੀ ਘਟਨਾ ਅਫ਼ਸਰ ਵੀਰ ਨੂੰ ਦੱਸੀ।।

ਅਤੇ ਹੁਣ।।।

ਅਫ਼ਸਰ ਵੀਰ - ਝੂਠ ਬੋਲਦਾ ਓਹ। ਇਕ ਨੰਬਰ ਦਾ ਮਕਾਰ ਬੰਦਾ ਓਹ । ਓਹਨੇ ਇਕ ਗੱਲ ਬਣਾਈ ਤੇ ਤੁਸੀ ਦੋਵੇਂ ਸੁਣ ਕੇ ਆ ਗਏ। ਇੰਝ ਹੋ ਹੀ ਨਹੀਂ ਸਕਦਾ।

ਪਰ, ਗੈਰੀ ਹਾਲੇ ਵੀ ਖਾਮੋਸ਼ ਬੈਠਾ ਸੀ।

ਮਨਵੀਰ - ਨਹੀਂ ਵੀਰੇ , ਓਹਨੇ ਸਭ ਸੱਚ ਹੀ ਦਸਿਆ , ਨਹੀਂ ਗੈਰੀ ਵੀਰ ਨੇ ਓਹਨੂੰ ਬਖਸ਼ਣਾ ਸੀ। ਇੰਨੀ ਤਾਂ ਜੂਤ ਫੇਰੀ ਓਹਦੇ ਤੇ।

ਅਫ਼ਸਰ - ਤੂੰ ਨੀ ਜਾਣਦਾ ਛੋਟੇ, ਓਹ ਇਕ ਨੰਬਰ ਦਾ ਮਕਾਰ ਬੰਦਾ। ਆਪਣੇ ਆਪ ਨੂੰ ਸਾਫ਼ ਸੁਥਰਾ ਕਹਾਉਂਦੇ ਹੋਏ , ਓਹਨੇ ਇਹ ਗੱਲ ਕਰੀ ਹੋਣੀ ਆ। ਗੈਰੀ ਨੂੰ ਬਿਨਾ ਪੁੱਛੇ ਓਹਦੀ ਕੰਪਨੀ ਵੇਚ ਕਿਵੇਂ ਸਕਦਾ ਓਹ ? ਨਾਲੇ ਜੇਕਰ ਵੇਚੀ ਹੁੰਦੀ ਤਾਂ ਓਹ ਆਪ ਓਥੇ ਹੁੰਦਾ ਭਲਾ ?

ਇੰਨੀ ਬਹਿਸ ਹੁੰਦਿਆ ਅਖੀਰ , ਗੈਰੀ ਨੇ ਵੀ ਆਪਣੀ ਚੁੱਪੀ ਤੋੜ ਦੇਂਦਾ ਹੈ।

ਗੈਰੀ - ਵੀਰੇ , ਓਹ ਸੱਚ ਕੇਹ ਰਿਹਾ ਸੀ।

ਅਫ਼ਸਰ - ਮੈਂ ਕੁਝ ਸਮਝਿਆ ਨਹੀਂ।

ਗੈਰੀ ਹੁਣ ਓਹਨੂੰ ਦੋਹਾਂ ਨੂੰ ਸਾਰਾ ਕੁਝ ਸਮਝਾਉਣ ਲਗਦਾ।।

ਅਸਲ ਵਿੱਚ ਕੋਈ ਵੀ ਵਪਾਰ ਭਾਵੇ ਛੋਟਾ ਹੋਵੇ ਜਾ ਫੇਰ ਵੱਡਾ, ਓਹ ਬਿਨਾ ਪੂੰਜੀ ਤੋ ਸ਼ੁਰੂ ਹੋ ਹੀ ਨਹੀਂ ਸਕਦਾ। ਓਹਦੇ ਵਿਚ ਲਗਦੀ ਹੈ ਪੂੰਜੀ। ਬੱਚਾ ਪੜ੍ਹਾਉਣਾ ਹੋਵੇ , ਮਕਾਨ ਬਣਾਉਣਾ ਹੋਵੇ , ਕੁਝ ਵੀ ਕਰਨਾ ਹੋਵੇ , ਸਭ ਤੋਂ ਪਹਿਲਾ ਚਾਹੀਦਾ ਹੁੰਦਾ ਪੂੰਜੀ |

ਜਿਵੇਂ ਅਫ਼ਸਰ ਵੀਰ ਹੀ ਵੇਖ ਲਵੋ, ਓਹਨੇ ਬੇਸ਼ੱਕ ਇਕ ਮਕੈਨਿਕ ਦਾ ਕੰਮ ਸ਼ੁਰੂ ਕਰੀਆ, ਪਰ ਸਭ ਤੋਂ ਪਹਿਲਾਂ ਔਜਾਰ ਖਰੀਦੇ, ਜਗ੍ਹਾ ਖਰੀਦੀ ਜਾ ਕਿਰਾਏ ਤੇ ਲਈ ਤਾਂ ਕਿਰਾਇਆ ਨਾਮਾ।

ਠੀਕ ਏਸੇ ਤਰ੍ਹਾਂ ਜਦ ਗੈਰੀ ਤੇ ਸੁਰਵੀਨ ਨੇ ਨੌਕਰੀ ਛੱਡ ਕੇ ਖੁਦ ਦਾ ਕੰਮ ਸ਼ੁਰੂ ਕਰਨ ਲਈ ਸੋਚਿਆ ਤਾ ਓਹਨਾ ਧਿਆਨ ਕਰਿਆ ਆਪਣੇ ਬੈਂਕ ਖਾਤੇ ਵਿਚ ਪਏ ਪੈਸਿਆਂ ਦਾ। ਓਹ ਦੋਵੇਂ ਮਿਹਨਤੀ ਸਨ ਅਤੇ ਸੂਝਵਾਨ ਵੀ | ਜਿਆਦਾਤਰ ਲੋਕ ਕੋਈ ਵੀ ਕੰਮ ਸ਼ੁਰੂ ਕਰਨ ਲੱਗਿਆ ਆਪਣੇ ਪੁਰਖਿਆਂ ਦੀ ਰਾਖਵੀਂ ਜਮੀਨ ਵੱਲ ਮੂੰਹ ਕਰਦੇ ਅਤੇ ਕਰਜਾ ਚੁੱਕ ਕੇ ਵਪਾਰ ਵਿਚ ਲਾਉਂਦੇ | ਪਰ ਸੁਰਵੀਨ ਅਤੇ ਗੈਰੀ ਨੇ ਆਪਣੀ ਤਨਖਾਹ ਨੂੰ ਜਮਾਂ ਕੀਤਾ ਅਤੇ ਓਹਨੂੰ ਹੀ ਪੂੰਜੀ ਦੇ ਰੂਪ ਵਜੋਂ ਲਿਆ |

ਜਗ੍ਹਾ ਲਈ ਪੈਸੇ ਜੋੜੇ , ਆਫਿਸ ਰੇਂਟ , ਸਟੇਸ਼ਨਰੀ ਫਰਨੀਚਰ, ਕੰਪਿਊਟਰ, ਫਿਟਿੰਗ , ਇਸ ਸਭ ਲਈ ਚਾਹੀਦਾ ਸੀ ਪੈਸਾ । ਕੁਝ ਸੀ ਓਹਨਾ ਕੋਲ , ਪਰ ਕੁਝ ਨਹੀਂ ਵੀ ਸੀ। ਹੁਣ ਕੰਪਨੀ ਸ਼ੁਰੂ ਕਰਨ ਲਗਿਆ ਓਹਨਾ ਨੂੰ ਚਾਹੀਦੇ ਸੀ ਇਨਵੇਸਤਰ ਜੋ ਆਪਣੀ ਪੂੰਜੀ ਓਹਨਾ ਦੇ ਕੀਤੇ ਵਿਚ ਲਗਾਉਣ ਅਤੇ ਕੰਮ ਸ਼ੁਰੂ ਹੋਵੇ। ਓਹਨਾਂ ਕੁਝ ਪੂੰਜੀਪਤੀ ਵਪਾਰੀਆਂ ਨੂੰ ਭਰੋਸੇ ਵਿੱਚ ਲਿਆ ਕੇ ਓਹ ਓਹਨਾਂ ਦੇ ਨਵੇਂ ਕੰਮ ਵਿਚ ਪੈਸੇ ਲਾਉਣ , ਅਤੇ ਏਸੇ ਤਰਾਂ ਬੈਂਕ ਵੀ ਇਕ ਇਨਵੇਸਟਰ ਸੀ , ਜਿਨਾ ਤੋ ਓਹਨਾ ਨੇ ਲੋਨ ਲਿਆ ਵਾਜਿਬ ਵਿਆਜ ਤੇ ਅਤੇ ਫੇਰ ਵਾਰੀ ਆਈ ਓਹਨਾ ਦੇ ਖੁਦ ਦੇ ਪੈਸਿਆਂ ਦੀ।

ਇਸ ਤਰ੍ਹਾਂ ਸ਼ੁਰੁ ਵਿਚ , ਕੰਪਨੀ ਦੇ ਪੰਜ ਹਿੱਸੇ ਹੋਏ ਜਿਨ੍ਹਾਂ ਵਿਚੋਂ ਦੋ ਹਿੱਸੇ ਸਨ ਗੈਰੀ ਅਤੇ ਓਹਦੀ ਘਰਵਾਲੀ ਸੁਰਵੀਨ ਦੇ। ਇਕ ਹਿੱਸਾ ਬੈਂਕ ਦਾ ਲੋਨ ਸੀ ਅਤੇ ਬਾਕੀ ਦੇ ਦੋ ਹਿੱਸੇ ਓਹ ਪੂੰਜੀਪਤੀ ਸਨ ਜਿਨ੍ਹਾਂ ਤੋਂ ਓਹਨਾ ਨੇ ਆਪਣੀ ਕੰਪਨੀ ਵਿਚ ਪੈਸੇ ਲਗਵਾਏ। ਓਹਨਾ ਦੋਹਾਂ ਨੂੰ ਭਰੋਸਾ ਸੀ ਕੇ ਕੰਪਨੀ ਤੋ ਅੱਗੇ ਜਾ ਕੇ ਬਹੁਤ ਮੁਨਾਫ਼ਾ ਹੋਵੇਗਾ। ਸ਼ਰਤ ਆਹ ਸੀ ਕੇ ਓਹਨਾ ਦੋਹਾਂ ਇਨਵੇਟਰ ਦੀ ਹਿੱਸੇਦਰੀ ਕੰਪਨੀ ਵਿਚ 30 ਪ੍ਰਤਿਸ਼ਤ ਹੋਵੇਗੀ। ਇਕ ਸਾਲ ਦੀ ਦਿਨ ਰਾਤ ਮਿਹਨਤ ਨਾਲ ਗੈਰੀ ਤੇ ਸੁਰਵੀਨ ਨੇ ਬੈਂਕ ਦਾ ਲੋਨ ਖਤਮ ਕਰ ਦਿੱਤਾ | ਪਰ ਮੁਨਾਫ਼ਾ ਬਹੁਤ ਨਾ ਹੋਇਆ, ਕਿਉਂਕਿ ਮੁਨਾਫ਼ੇ ਦੀ ਬਹੁਤ ਵੱਡੀ ਰਕਮ ਤਾਂ ਬੈਂਕ ਦਾ ਲੋਨ ਅਤੇ ਵਿਆਜ ਵਿਚ ਹੀ ਚਲੇ ਗਈ ਸੀ। ਇਨਵੇਸਟਰ ਨੂੰ ਓਹਨਾ ਦੇ ਰੋਲ ਮੁਤਾਬਿਕ ਉਚਿਤ ਮੁਨਾਫ਼ਾ ਦਿੱਤਾ ਗਿਆ ਸੀ।

ਪਰ ਕੰਮ ਨੂੰ ਹੋਰ ਅੱਗੇ ਵਧਾਉਣ ਵਿਚ ਹੋਰ ਪੈਸੇ ਦੀ ਲੋੜ ਸੀ। ਤਾਂ ਗੈਰੀ ਅਤੇ ਸੁਰਵੀਨ ਨੇ ਇਹ ਕੰਪਨੀ ਦੀ 15 ਪ੍ਰਤਿਸ਼ਤ ਹੋਰ ਹਿੱਸੇਦਾਰੀ ਓਹਨਾ ਦੋ ਇਨਵੇਸਟਰਾ ਨੂੰ ਸੌਂਪ ਦਿੱਤੀ ਤਾਂ ਜੋ ਓਹ ਆਪਣੀ ਜਮਾਂ ਪੂੰਜੀ ਇਸ ਕੀਤੇ ਵਿਚ ਲਗਾਉਣ ਅਤੇ ਬਦਲੇ ਵਿਚ ਓਹਨਾ ਨੂੰ ਵੱਧ ਮੁਨਾਫਾ ਓਵੇਂ। ਹੁਣ ਇਸ ਤਰਾਂ ਕਰਨ ਨਾਲ ਹੀ ਓਹਨਾ ਦੋਹੇ ਇਨਵੇਸਟਰਾਂ ਕੋਲ 30 ਤੋਂ ਵੱਧ ਕੇ 45 ਪ੍ਰਤੀਸ਼ਤ ਕੰਪਨੀ ਦੀ ਹਿਸੇਦਾਰੀ ਚਲੇ ਗਈ ਸੀ |

ਦੂਸਰੇ ਸਾਲ ਵੀ ਕੰਪਨੀ ਨੂੰ ਮੁਨਾਫ਼ਾ ਹੋਇਆ। ਪਰ ਇਨਵੇਸਟਰਾਂ ਨੂੰ ਘਾਟਾ ਓਹ ਵਿਖਾ ਨਹੀਂ ਸਨ ਸਕਦੇ ਅਤੇ ਨਾ ਹੀ ਓਹਨਾਂ ਤੋਂ ਲਈ ਪੂੰਜੀ ਵਾਪਿਸ ਕਰਕੇ ਓਹਨਾ ਤੋਂ ਹਿੱਸੇਦਾਰੀ ਘੱਟ ਕਰਨ ਲਈ ਕੇਹ ਸਕਦੇ ਸਨ। ਵਪਾਰ ਵਿਚ ਇਹ ਗਲਤ ਹੁੰਦਾ | ਏਸੇ ਲਈ ਗੈਰੀ ਤੇ ਸੁਰਵੀਨ ਦੋਹਾਂ ਨੇ ਇਹ ਪਹਿਲਾਂ ਹੀ ਸੋਚ ਲਿਆ ਸੀ ਕੇ ਅੱਗੇ ਜਾ ਕੇ ਓਹ ਸਿਰਫ ਮੁਨਾਫ਼ੇ ਦੀ ਰਕਮ ਵਿੱਚੋ ਅਪਣਾ ਹਿੱਸਾ ਜੋੜਨਗੇ ਅਤੇ ਵਕਤ ਆਉਣ ਤੇ ਇਹ ਕੰਪਨੀ ਓਹਨਾ ਦੋਨਾਂ ਇੰਵੇਸਟਰਾ ਨੂੰ ਸੌਂਪ ਕੇ ਆਪਣਾ ਨਵਾਂ ਬਿਜਨੈਸ ਖੜਾ ਕਰਨਗੇ ਜਿੱਥੇ ਇਹਨਾ ਇਨਵੇਸਟਰਾਂ ਦੀ ਲੋੜ ਨਾ ਹੋਵੇ, ਕਿਉਂਕਿ ਬਹੁਤਾ ਮੁਨਾਫਾ ਤਾਂ ਇਹਨਾ ਇਨਵੇਸਟਰਾਂ ਵਿਚ ਹੀ ਵੰਡਿਆ ਜਾ ਰਿਹਾ ਸੀ। ਹੋਣਾ ਵੀ ਏਸੇ ਤਰਾਂ ਚਾਹੀਦਾ ਕਿਉਂਕਿ ਅਧਿਕਤਰ ਪੂੰਜੀ ਓਹਨਾਂ ਇਨਵੇਸਟਰਾਂ ਦੀ ਲੱਗੀ ਹੋਈ ਸੀ ਤਾਂ ਓਹ ਵੱਧ ਮੁਨਾਫ਼ੇ ਦੇ ਹੱਕਦਾਰ ਬਣਦੇ ਸਨ |

ਇਨਵੇਸਟਰਾਂ ਨੂੰ ਵੀ ਇਸ ਵਿਚ ਕੋਈ ਅਪੱਤੀ ਨਹੀਂ ਸੀ ਕਿਉਂਕਿ ਓਹਨੂੰ ਨੂੰ ਇਕ ਤਾਂ ਮੁਨਾਫ਼ਾ ਤਾਂ ਆ ਹੀ ਰਿਹਾ ਸੀ , ਜੇਕਰ ਭਵਿੱਖ ਵਿਚ ਇਹ ਮੁਨਾਫ਼ੇ ਵਾਲੀ ਕੰਪਨੀ ਓਹਨਾ ਨੂੰ ਮਿਲ ਜਾਂਦੀ ਤਾਂ ਇਹ ਓਹਨਾ ਲਈ ਸੋਨੇ ਤੇ ਸੁਹਾਗੇ ਵਰਗੀ ਹੀ ਹੁੰਦੀ।

ਤੀਸਰੇ ਸਾਲ ਵਿਚ ਗੈਰੀ ਤੇ ਸੁਰਵੀਨ ਨੇ ਆਪਣਾ ਘਰ ਖੜਾ ਕਰਿਆ ਅਤੇ ਨਾਲ ਹੀ ਜਮੀਨ ਵੀ ਖਰੀਦੀ ਕੇ ਚਲੋ ਇਕ ਦੋ ਸਾਲ

ਵਿੱਚ ਆਪਣੇ ਹੋਰ ਪੈਰ ਪੱਕੇ ਹੋਣਗੇ ਅਤੇ ਓਹ ਅਪਣਾ ਖੁਦ ਇਕ ਨਵਾਂ ਬਿਜਨੈਸ ਖੜਾ ਕਰਨਗੇ। ਏਸੇ ਵਿਚਕਾਰ ਸੈਮ ਦਾ ਜਨਮ ਹੋਣ ਵਾਲਾ ਸੀ ਤਾਂ ਸੁਰਵੀਨ ਅਤੇ ਗੈਰੀ ਨੂੰ ਬਿਜਨੈਸ ਛੱਡ ਆਪਣੇ ਰਿਸ਼ਤੇ ਅਤੇ ਹੋਣ ਵਾਲੇ ਬੱਚੇ ਤੇ ਫੋਕਸ ਦੇਣ ਬਾਰੇ ਸੋਚ ਰਹੇ ਸਨ।

ਫੇਰ ਓਹਨਾ ਦੋਹਾਂ ਨੇ ਮਿਲ ਕੇ ਓਹ ਨਿਰਣੈ ਕੀਤਾ , ਜੀਹਦਾ ਖਮਿਆਜਾ ਅੱਜ ਗੈਰੀ ਨੂੰ ਭੋਗਣਾ ਪਿਆ ਸੀ। ਓਹਨਾ ਆਪਣੇ ਸਭ ਤੋਂ ਵੱਧ ਭਰੋਸੇਮੰਦ ਮੁਲਾਜਿਮ ਯਾਨੀ ਸੁਰੇਸ਼ ਨੂੰ ਹਿੱਸੇਦਾਰੀ ਦੇਣ ਬਾਰੇ ਸੋਚੀ। ਓਹ ਦੋਨੋਂ ਓਹਦੇ ਕੰਮ ਅਤੇ ਹਰ ਇਕ ਚੀਜ਼ ਨੂੰ ਸਾਂਭ ਸਕਣ ਦੀ ਯੋਗਤਾ ਉਤੇ ਡੁੱਲ ਚੁੱਕੇ ਸਨ। ਪਹਿਲਾਂ ਓਹ ਤਨਖਾਹ ਤੇ ਕੰਮ ਕਰਦਾ ਸੀ , ਪਰ ਸੁਰਵੀਨ ਅਤੇ ਗੈਰੀ ਨੇ ਓਹਨੂੰ ਏਸੇ ਕੰਪਨੀ ਵਿਚ ਆਪਣੇ ਖੁਦ ਦੇ ਹਿੱਸੇਦਾਰੀ ਵਿਚੋਂ ਨੋ ਪ੍ਰਤਿਸ਼ਤ ਦੇ ਦਿੱਤੀ। ਓਹਨਾ ਸੋਚਿਆ ਸੀ ਕੇ ਜਦ ਓਹ ਕੰਪਨੀ ਵਿੱਚੋ ਆਪਣੇ ਪੈਰ ਬਾਹਰ ਕੱਢਣਗੇ ਤਾਂ ਅਪਣਾ ਸਾਰਾ ਹਿੱਸਾ ਓਹਨੂੰ ਦੇ ਕੇ ਅਤੇ ਕੰਪਨੀ ਦਾ ਸਾਰਾ ਕਰਭਾਰ ਓਹਨੂੰ ਸਾਂਭ ਕੇ ਓਥੋਂ ਵਿਦਾ ਹੋਣਗੇ। ਇਹ ਸੁਰੇਸ਼ ਲਈ ਵੀ ਵਧੀਆ ਹੋਵੇਗਾ ਕੇ ਓਹਨੂੰ ਓਹਦੀ ਮੇਹਨਤ ਦਾ ਇਨਾਮ ਕੰਪਨੀ ਦੀ ਮਲਕੀਅਤ ਵਿਚ ਹਿੱਸਾ ਹੋਵੇਗਾ | ਪਰ ਕਿਆ ਓਹ ਇਸ ਗੱਲ ਨੂੰ ਭੁੱਲ ਗਏ ਕੇ ਜੇਕਰ ਏਸੇ ਤਰਾਂ ਆਪਣੇ ਹਿੱਸੇ ਵਿੱਚੋ ਮਤਲਬ ਕੇ 55 ਪ੍ਰਤੀਸ਼ਤ ਵਿੱਚੋ ਕਿਸੇ ਨੂੰ ਹਿੱਸਾ ਦਿੱਤਾ ਜਾਵੇ ਤਾਂ ਓਹਨਾ ਦਾ ਖੁਦ ਦਾ ਦਬਦਬਾ ਇਸ ਕੰਪਨੀ ਵਿਚ ਘੱਟ ਜਾਵੇਗਾ | ਓਹ ਤਨਖਾਹ ਵਿਚ ਇਜਾਫਾ ਕਰਕੇ ਅਤੇ ਨਾਲ ਹੀ 2 ਜਾ 3 ਪ੍ਰਤੀਸ਼ਤ ਹਿਸੇਦਾਰੀ ਦੇ ਕੇ ਵੀ ਅਜਿਹਾ ਕੀਤਾ ਜਾ ਸਕਦਾ ਸੀ | ਇਹ ਇਕ ਮੂਰਖਤਾ ਭਰਿਆ ਕਦਮ ਸੀ ਅਤੇ ਅੰਨ੍ਹੇਵਾਹ ਕੀਤਾ ਵਿਸ਼ਵਾਸ | ਆਪਣੇ 55 ਪ੍ਰਤੀਸ਼ਤ ਹਿਸੇਦਾਰੀ ਵਿਚੋਂ ਓਹਨੂੰ 9 ਪ੍ਰਤੀਸ਼ਤ ਦੇ ਕੇ ਓਹਨਾ ਦੀ ਹਿਸੇਦਾਰੀ ਸਿਰਫ 46 ਪ੍ਰਤੀਸ਼ਤ ਰੇਹ ਗਈ ਮਾਤਰ ਇਨਵੇਸਟਰਾਂ ਤੋ ਮਾਤਰ ਇਕ ਪ੍ਰਤਿਸ਼ਤ ਵੱਧ |

ਪਰ ਓਹ ਦੋਨੋਂ ਕਰਦੇ ਵੀ ਕਿਆ , ਸੁਰਵੀਨ ਦੇ ਗਰਭ ਧਾਰਨ ਦੀ ਅਵਸਥਾ ਵਿਚ ਗੈਰੀ ਇਕੱਲਾ ਸਭ ਨਹੀਂ ਸੀ ਸਾਂਭ ਸਕਦਾ | ਕਈ ਵਾਰ ਤਾਂ ਅਜਿਹਾ ਵੀ ਹੋਇਆ ਕੇ ਗੈਰੀ 14 ਤੋ 15 ਘੰਟੇ ਲਗਾਤਾਰ ਆਫਿਸ ਦੀਆਂ ਫਾਈਲਾਂ ਵਿਚ ਰੁਝਿਆ ਰਿਹਾ ਅਤੇ ਓਹਦੀ ਘਰਵਾਲੀ ਇਸ ਅਵਸਥਾ ਵਿਚ ਘਰ ਵਿਚ ਇਕੱਲੀ ਹੋਵੇ | ਸੁਰਵੀਨ ਨੂੰ ਗੈਰੀ ਦੇ ਸਾਥ ਦੀ ਬਹੁਤ ਲੋੜ ਸੀ | ਅੰਤ ਵਿਚ , ਗੈਰੀ ਅਤੇ ਸੁਰਵੀਨ ਨੂੰ ਅਜਿਹਾ ਕਰਨਾ ਹੀ ਸਹੀ ਲੱਗਿਆ | ਓਹਨਾ ਬਹੁਤ ਭਰੋਸੇ ਮੰਨ ਕੇ ਅਜਿਹਾ ਕੀਤਾ ਸੀ |

ਸੇਮ ਦੇ ਹੋਣ ਮਗਰੋਂ ਵੀ, ਸੁਰਵੀਨ ਘਰ ਦੇ ਕੰਮ ਕਾਰਾ ਵਿਚ ਵਿਅਸਤ ਰਹਿਣ ਲੱਗੀ | ਗੈਰੀ ਇਕੱਲਾ ਹੀ ਸਭ ਕੰਮ ਕਾਰ ਦੇਖ ਰਿਹਾ ਸੀ ਸੁਰੇਸ਼ ਦੀ ਮਦਦ ਦੇ ਨਾਲ | ਪਰ ਅੱਗੇ ਜਾ ਕੇ ਗੈਰੀ ਤੇ ਸੁਰਵੀਨ ਦਾ ਇਕ ਸੁਫ਼ਨਾ ਪੂਰੀ ਤਰਾਂ ਟੁੱਟਿਆ ਅਤੇ ਅੱਜ ਗੈਰੀ ਹਾਸ਼ੀਏ ਤੇ ਖੜਾ ਸੀ |

ਹੁਣ ਅੱਗੇ ||

ਅਫਸਰ ਗੈਰੀ ਨੂੰ - ਜੇਕਰ ਤੈਨੂੰ ਇਹ ਸਭ ਪਤਾ ਸੀ , ਫੇਰ ਤੂੰ ਕੰਪਨੀ ਵਿਚ ਗਿਆ ਹੀ ਕਿਉਂ ?

ਗੈਰੀ ਖਾਮੋਸ਼ ਸੀ | ਮਾਯੂਸ ਜਿਹੇ ਚੇਹਰੇ ਨਾਲ ਓਹਨੇ ਦੱਸਣਾ ਚਾਹਿਆ |

ਗੈਰੀ - ਕਿਉਂਕਿ ਮੈਨੂੰ ਸਿਰਫ ਇਕ ਸਵਾਲ ਦਾ ਉੱਤਰ ਚਾਹੀਦਾ ਸੀ ਕੇ ਸੁਰੇਸ਼ ਨੇ ਮੇਰੇ ਪਿੱਛੇ ਮੇਰੇ ਘਰ ਪਰਿਵਾਰ ਦੀ ਸਾਰ ਕਿਉਂ ਨਾ ਲਈ | ਏਸੇ ਲਈ ਮੈਂ ਓਥੇ ਗਿਆ ਸੀ |

ਅਫਸਰ - ਮਿਲ ਗਿਆ ਜਵਾਬ | ਲੈਅ ਆਇਆ ਉੱਤਰ | ਹੁਣ ਖੁਸ਼ | ਵੀਰੇ , ਦੁਨੀਆ ਇੱਦਾਂ ਹੀ ਰੰਗ ਬਦਲਦੀ ਹੈ | ਭਰੋਸਾ ਕਰਨਾ ਠੀਕ ਹੈ , ਪਰ ਅੰਨ੍ਹੇਵਾਹ ਭਰੋਸਾ ਕਰਨਾ ਇਹ ਬਹੁਤ ਗਲਤ ਹੈ | ਪਰ ਕੋਈ ਨਾ ਵਪਾਰ ਵਿਚ ਘਾਟੇ ਵਾਧੇ ਹੁੰਦੇ ਰਹਿੰਦੇ ਨੇ | ਇੰਝ ਅਫ਼ਸੋਸ ਨਾ ਬਹੁਤਾ ਕਰ |

ਮਨਵੀਰ - ਅਫਸਰ ਵੀਰ ਜੀ ਠੀਕ ਕੇਹ ਰਹੇ ਨੇ | ਕੋਈ ਨਾ ਵੀਰੇ, ਆਪਾ ਇਕ ਨਵੀਂ ਸ਼ੁਰੂਆਤ ਕਰ ਲਵਾਂਗੇ | ਤੁਸੀ ਫ਼ਿਕਰ ਨਾ ਕਰੋ |

ਅਫਸਰ - ਰੁਕੋ, ਤੁਸੀ ਦੋਵੇਂ ਮੇਰੇ ਨਾਲ ਚਲੋ , ਮੈਂ ਮਿਲਵਾਉਂਦਾ ਕਿਸੇ ਨਾਲ | ਓਹ ਅਪਣਾ ਹੱਲ ਕੱਢ ਕੇ ਦੇਵੇਗਾ | ਬਹੁਤ ਵੱਡਾ ਵਕੀਲ ਹੈ ਓਹ |

ਗੈਰੀ - ਨਹੀਂ ਨਹੀਂ ਵੀਰੇ, ਮੈਂ ਘਰ ਤੋ ਤੁਰਨ ਤੋਂ ਪਹਿਲਾਂ ਬਾਪੂ ਜੀ ਨੂੰ ਇਹੀ ਕਿਹਾ ਸੀ ਕੇ ਜੇਕਰ ਮੈਨੂੰ ਕੋਈ ਕਾਨੂੰਨੀ ਕਾਰਵਾਈ ਵਿਚ ਪੈਣਾ ਪਿਆ ਤਾਂ, ਮੈਂ ਪਿੰਡ ਵਾਪਿਸ ਆ ਜਾਵਾਂਗਾ |

ਅਫਸਰ - ਓਹ ਕੋਈ ਹੋਰ ਨੀ , ਮੇਰਾ ਛੋਟਾ ਭਾਈ ਹੀ ਹੈ | ਤੇਰੀ ਬਦੌਲਤ ਹੀ ਤਾਂ ਅੱਜ ਵੱਡਾ ਵਕੀਲ ਬਣਿਆ ਓਹ | ਤੂੰ ਭੁੱਲ ਗਿਆ ਓਹਨੂੰ | ਓਹ ਅਪਣਾ "ਆਸਿਫ਼ " |

ਗੈਰੀ - " ਆਸਿਫ਼ " ਓਹ ਇੰਨਾ ਵੱਡਾ ਹੋ ਗਿਆ | ਮੈਂ ਤਾਂ ਓਸੇ ਵਕ਼ਤ ਦੇਖਿਆ ਸੀ ਪੰਜ ਸਾਲ ਪਹਿਲਾਂ ਜਦੋਂ ਤੁਸੀ ਮੇਰੇ ਕੋਲ ਆਏ ਸੀ ਓਹਦੀ ਕਾਲਜ ਦੀ ਫੀਸ ਦਾ ਮਾਮਲਾ ਸੀ ਜਦ |

ਅਫਸਰ - ਹਾ , ਛੋਟੇ ਵੀਰ | ਹੁਣ ਓਹ ਬਹੁਤ ਵੱਡਾ ਹੋ ਗਿਆ ਹੈ | ਵੱਡਾ ਵਕੀਲ ਹੈ ਹੁਣ ਓਹ , ਹਾਈ ਕੋਰਟ ਤੱਕ ਪਹੁੰਚ ਹੈ ਓਹਦੀ | ਮੈਂ ਹੁਣੇ ਓਹਨੂੰ ਫੋਨ ਕਰਕੇ ਇਥੇ ਹੀ ਬੁਲਾਉਂਦਾ |

ਇਹਦੇ ਬਾਅਦ ਅਫਸਰ ਵੀਰ ਆਪਣੇ ਛੋਟੇ ਭਾਈ ਆਸਿਫ਼ ਆਪਣੇ ਘਰ ਹੀ ਬੁਲਾ ਲੈਂਦਾ |

ਇਕ ਘੰਟਾ, ਦੀ ਘੰਟੇ ਸਾਰੇ ਇੰਤਜ਼ਾਰ ਕਰਦੇ ਨੇ , ਪਰ ਆਸਿਫ਼ ਹਾਲੇ ਵੀ ਨਹੀਂ ਸੀ ਆਇਆ। ਅਫ਼ਸਰ ਨੂੰ ਵੀ ਆਹੀ ਲਗਿਆ ਕੇ ਸ਼ਾਯਦ ਆਸਿਫ਼ ਕਿਧਰੇ ਵਿਅਸਤ ਹੋਣਾ ਤਾਹੀਂ ਓਹ ਆ ਨਹੀਂ ਪਾਇਆ ਅਤੇ ਪਰ ਫੋਨ ਵੀ ਨਹੀਂ ਚੁੱਕ ਰਿਹਾ ਸੀ।

ਅਤੇ ਉਧਰ ਦੂਸਰੇ ਪਾਸੇ , ਸੇਜਲ ਜੌ ਇਸੇ ਉਦੇਦਬੁਨ ਵਿਚ ਸੀ ਕੇ ਆਪਣੀ ਦੋਸਤ ਰਿਤੂ ਨੂੰ ਹਾਮੀ ਭਰੇ ਜਾ ਨਾ। ਨੌਕਰੀ ਤਾਂ ਓਹ ਕਰਨਾ ਚਾਹੁੰਦੀ ਹੀ ਸੀ ਪਰ ਆਪਣੇ ਅਸੂਲਾਂ ਨੂੰ ਖਤਮ ਕਰਕੇ ਨਹੀਂ। ਇਸ ਗੱਲ ਦਾ ਡਰ ਵੀ ਸੀ ਕੇ ਓਹਦੇ ਆਸ ਪਾਸ ਦੇ ਲੋਕਾਂ ਨੂੰ ਜਦ ਇਹ ਪਤਾ ਚਲੇਗਾ ਕੇ ਓਹ ਆਪਣੀ ਦੋਸਤ ਰਿਤੂ ਦੇ ਕਹਿਣ ਤੇ ਕਿਸ ਆਫਿਸ ਵਿਚ ਕੰਮ ਕਰ ਰਹੀ ਹੈ ,ਤਾਂ ਓਹਨਾ ਸਾਰਿਆ ਨੇ ਓਹਨੂੰ ਗ਼ਲਤ ਹੀ ਸਮਝਣ ਲੱਗ ਪੈਣਾ। ਓਹਨੂੰ ਆਪਣੀ ਦੋਸਤ ਰਿਤੂ ਤੇ ਪੂਰਾ ਭਰੋਸਾ ਸੀ ਕੇ ਓਹ ਓਹਦੇ ਨਾਲ ਕੰਮ ਦੀ ਜਗ੍ਹਾ ਸੇਫ ਹੈ , ਜਾ ਫੇਰ ਕੇਹ ਲਵੋ ਕੇ ਓਹਦੀ ਇਜੱਤ ਤਾਂ ਬੱਚੀ ਹੋਈ ਹੈ , ਘਟੋ ਘੱਟ ਇਹ ਓਹ ਜਗ੍ਹਾ ਤਾਂ ਨਹੀਂ ਜਿੱਥੇ ਓਹ ਦਿਨੇ ਫੱਸ ਗਈ ਸੀ। (ਸੁਰੇਸ਼ ਦੇ ਆਫਿਸ ਵਿਚ )

ਪਰ ਲੋਕ ਕੀ ਕਹਿਣਗੇ ? ਸਾਰੀ ਦੁਨੀਆ ਵਿਚ ਇਹੀ ਜਗ੍ਹਾ ਮਿਲੀ ਸੀ ਓਹਨੂੰ ਕੰਮ ਕਰਨ ਲਈ ਅਤੇ ਓਹ ਵੀ ਅਜਿਹਾ ਕੰਮ।

ਏਸੇ ਉਦੇਹਬੁਨ ਵਿਚ ਫਸੀ ਓਹ ਸੋਚ ਹੀ ਰਹੀ ਹੁੰਦੀ ਹੈ ਕੇ ਅਚਾਨਕ ਛੋਟੀ ਯਾਨੀ ਕੋਮਲ ਭੱਜੀ ਭੱਜੀ ਉਪਰ ਚੁਬਾਰੇ ਤੇ ਸੇਜਲ ਕੋਲ ਆਉਂਦੀ ਹੈ।

ਕੋਮਲ - ਦੀਦੀ ਜਲਦੀ ਚਲੋ, ਜਲਦੀ।

ਸੇਜਲ ਘਾਬਰ ਜਾਂਦੀ ਹੈ ਅਤੇ ਪੁੱਛਦੀ ਹੈ।

ਸੇਜਲ - ਕੀ ਹੋਇਆ ਕੋਮਲ ?

ਕੋਮਲ - ਦੀਦੀ, ਓਹ ਮੰਮੀ।।

ਇੰਨਾ ਸੁਣਦੇ ਹੀ ਸੇਜਲ ਭੱਜ ਕੇ ਨੀਚੇ ਕਮਰੇ ਵਿਚ ਰਾਣੀ ਕੋਲ ਪਹੁੰਚਦੀ ਹੈ ਜੌ ਓਸ ਵਕਤ ਓਥੇ ਨਹੀਂ ਸੀ। ਅਚਾਨਕ ਓਹਨੂੰ ਗੁਸਲਖਾਨੇ ਵਿੱਚੋ ਆਪਣੀ ਬੇਬੇ ਦੇ ਜੋਰ ਜੋਰ ਨਾਲ ਖੰਗਣ ਦੀ ਅਵਾਜ ਆਉਂਦੀ ਹੈ। ਇਹ ਆਵਾਜ਼ਾਂ ਸੁਣ ਕੇ ਓਹ ਘਾਬਰ ਜਾਂਦੀ ਹੈ ਅਤੇ ਗੁਸਲਖਾਨੇ ਦਾ ਕੁੰਡਾ ਖੜਕਾਉਣ ਲੱਗ ਜਾਂਦੀ।

ਸੇਜਲ - ਮੰਮੀ, ਕੀ ਹੋਇਆ ਮੰਮੀ। ਠੀਕ ਹੋ ਤੁਸੀ। ਜਵਾਬ ਦਿਓ।

ਅਚਾਨਕ ਹੀ ਖੰਗਨ ਦੀ ਅਵਾਜ ਬੰਦ ਹੋ ਜਾਂਦੀ ਹੈ ਅਤੇ ਵਸ਼ਬੇਸਨ ਦੀ ਟੂਟੀ ਚੱਲਣ ਦੀ ਆਵਾਜ਼ ਆਉਣ ਲਗਦੀ।

ਸੇਜਲ ਮੁੜ ਤੋਂ ਆਪਣੀ ਬੇਬੇ ਨੂੰ ਪੁੱਛਦੀ - ਠੀਕ ਹੋ ਮੰਮੀ ਤੁਸੀ।

ਰਾਣੀ - ਹਾਂ ਪੁੱਤ ਠੀਕ ਹਾਂ। ਬਸ ਆਈ ਬਾਹਰ , ਦੋ ਮਿੰਟ ।

ਰਾਣੀ ਦੀ ਅਵਾਜ ਸੁਣ ਕੇ ਓਹਨੂੰ ਥੋੜ੍ਹਾ ਸੁਕੂਨ ਮਿਲਦਾ।

ਥੋੜੇ ਵਕਤ ਦੇ ਬਾਅਦ ਰਾਣੀ ਆਪ ਬਾਹਰ ਆਉਂਦੀ ਹੈ।

ਸੇਜਲ ਤੇ ਕੋਮਲ ਦੋਨੋ ਕੋਲ ਖੜੀਆਂ ਸਨ।

ਸੇਜਲ - ਮੰਮੀ , ਠੀਕ ਹੋ ਤੁਸੀ। ਕੀ ਹੋਇਆ ਸੀ ?

ਰਾਣੀ - ਪੁੱਤ ਕੁਝ ਨੀ। ਬਸ ਲਗਦਾ ਕੇ ਥੋੜ੍ਹਾ ਬੁਖਾਰ ਆ। ਤੂੰ ਫ਼ਿਕਰ ਨਾ ਕਰ। ਠੀਕ ਹੋ ਜਾਵਾਂਗੀ ਕੱਲ ਸਵੇਰ ਤੱਕ।

ਇਹਦੇ ਬਾਅਦ ਰਾਣੀ ਆਪਣੇ ਕਮਰੇ ਵਿਚ ਜਾ ਕੇ ਆਰਾਮ ਕਰਨ ਲੱਗ ਪੈਂਦੀ ਹੈ। ਸੇਜਲ ਸਮਝ ਚੁੱਕੀ ਸੀ ਕੇ ਓਹਦੀ ਬੇਬੇ ਓਹਦੇ ਤੋਂ ਕੁਝ ਲੁਕਾ ਤਾਂ ਰਹੀ ਹੈ। ਤਾਂ ਸਭ ਤੋਂ ਪਹਿਲਾ ਜਰੂਰੀ ਓਹਦਾ ਇਲਾਜ ਹੈ। ਪਰ ਪੈਸੇ ? ਓਹ ਕਦ ਤੱਕ ਦੋਸਤਾਂ ਤੋਂ ਮੰਗ ਕੇ ਪੈਸੇ ਗੁਜਾਰਾ ਕਰੇਗੀ। ਇੱਦਾਂ ਤਾਂ ਨਹੀਂ ਚਲਣਾ।

ਓਹ ਵਾਪਿਸ ਉਪਰ ਆ ਕੇ ਇਕ ਸਾਹ ਲੈਂਦੀ ਅਤੇ ਫੇਰ ਆਪਣੀ ਦੋਸਤ ਰਿਤੂ ਨੂੰ ਫੋਨ ਕਰਕੇ ਕੇਹੰਦੀ ।

ਸੇਜਲ - ਰਿਤੂ , ਮੈਂ ਤਿਆਰ ਹਾਂ ਇਸ ਨੌਕਰੀ ਲਈ। ਪਰ ਕੱਲ ਨਹੀਂ ਪਰਸੋਂ। ਕੱਲ ਬੇਬੇ ਨੂੰ ਦਵਾਈ ਦਵਾਉਣ ਜਾਣਾ। ਤੂੰ ਮੇਰੇ ਨਾਲ ਚਲੇਂਗੀ। ਵਾਪਸੀ ਤੇ ਤੇਰੇ ਦਫਤਰ ਵੀ ਗੱਲ ਬਾਤ ਕਰ ਆਵਾਂਗੇ। ਦਸ ਠੀਕ ਹੈ।

ਰਿਤੂ - ਕਲ ਤਾਂ ਨਹੀਂ , ਕੱਲ ਕੰਮ ਬਹੁਤ ਹੈ । ਪਰ ਹਾਂ , ਤੂੰ ਦਵਾਈ ਦਵਾ ਕੇ ਮੇਰੇ ਕੋਲ ਹੀ ਆ ਜਾਵੀਂ। ਤੈਨੂੰ ਮੈਂ ਆਪਣੇ ਬੌਸ ਨਾਲ ਮਿਲਾਵਾ ਦੇਵਾਂਗੀ। ਓਹ ਤੈਨੂੰ ਸਾਰਾ ਕੰਮ ਸਮਝਾ ਦੇਣਗੇ । ਤਨਖਾਹ ਦਾ ਵੀ ਸਾਰਾ ਓਹੀ ਦੱਸ ਦੇਣਗੇ।

ਸੇਜਲ - ਪਰ ਰਿਤੂ , ਇਹ ਕੰਮ ਵਿਚ ਕੋਈ ਰਿਸਕ ਤਾਂ ਨਹੀਂ।

ਰਿਤੂ - ਕਾਹਦਾ ਰੀਸਕ ਭਲਾ। ਇਕ ਕਾਲ ਸੈਂਟਰ ਜੌਬ ਦੀ ਤਰਾਂ ਹੀ ਤਾਂ ਸਾਰਾ ਕੁਝ। ਬਾਕੀ ਤੈਨੂੰ ਸਰ ਸਮਝਾ ਦੇਣਗੇ ਸਾਰਾ ਕੁਝ। ਨਾਲੇ ਫ਼ਿਕਰ ਨਾ ਕਰ, ਓਥੇ ਹੋਰ ਵੀ ਮੁੰਡੇ ਕੁੜੀਆਂ ਨੇ। ਸਭ ਆਹੀ ਕੰਮ ਕਰਦੇ ਨੇ। ਜਦ ਤੈਨੂੰ ਤੇਰੇ ਮਤਲਬ ਦੀ ਜਾਬ ਮਿਲੀ ਓਸ ਵਕਤ ਛੱਡ ਦੇਵੀਂ। ਠੀਕ ਹੈ ?

ਸੇਜਲ - ਹਮ। ਠੀਕ ਹੈ।

ਅਤੇ ਇਹਦੇ ਬਾਅਦ ਸ਼ੁਰੂ ਹੁੰਦਾ ਹੈ ਓਹ ਸਫ਼ਰ ਜਿਸਦਾ ਕੋਈ ਅੰਤ ਨਹੀਂ | ਸੇਜਲ ਜਾਣਦੀ ਤਾਂ ਹੈ ਕੇ ਇਹ ਨੌਕਰੀ ਕਿਸ ਚੀਜ ਦੀ ਹੈ | ਓਹਨੂੰ ਡਰ ਵੀ ਹੀ ਕੇ ਲੋਕ ਕੀ ਕਹਿਣਗੇ ਓਹਦੇ ਬਾਰੇ | ਓਹਦਾ ਮਨ ਵੀ ਇਹਦੀ ਇਜਾਜਤ ਨਹੀਂ ਦੇਂਦਾ | ਪਰ , ਘਰ ਦੇ ਹਾਲਾਤ ਹੀ ਨੇ ਜਿਨ੍ਹਾਂ ਓਹਨੂੰ ਮਜਬੂਰ ਕਰ ਦੇਣਾ | ਵਪਾਰ ਵਿਚ ਚੰਮ ਤੇ ਕੰਮ ਦੋਨੋਂ ਵਿਕਦੇ ਨੇ , ਪਰ ਇਨਸਾਨ ਅਤੇ ਓਹਦਾ ਇਮਾਨ ਨਾ ਵਿਕੇ , ਇਹੀ ਬਹੁਤ ਹੈ |

ਰਾਤ ਦੇ ਠੀਕ 12 ਵਜੇ , ਅਫ਼ਸਰ ਵੀਰ ਦੇ ਦਰਵਾਜੇ ਤੇ ਦਸਤਕ ਹੁੰਦੀ ਹੈ ।

ਦਿਨ ਭਰ ਦੇ ਥਕੇ ਹਾਰੇ ਅਫ਼ਸਰ ਵੀਰ , ਗੈਰੀ ਅਤੇ ਮਨਵੀਰ ਸੁੱਤੇ ਪਏ ਸਨ। ਇਸ ਤਰ੍ਹਾਂ ਇਨੀ ਰਾਤ ਨੂੰ ਹੋਈ ਦਸਤਕ ਕਾਰਨ ਸਾਰੇ ਜਾਗ ਪੈਂਦੇ ਨੇ ਅਤੇ ਬਾਹਰ ਦਰਵਾਜੇ ਕੋਲ ਆਉਂਦੇ ਨੇ।

ਅਫ਼ਸਰ ਵੀਰ ਕੁੰਡਾ ਖੋਲਦਾ ਹੈ ਅਤੇ ਬਾਹਰ ਖੜੇ ਆਸਿਫ਼ ਨੂੰ ਵੇਖ ਹੈਰਾਨ ਹੋ ਜਾਂਦਾ ਹੈ। ਮਨਵੀਰ ਅਤੇ ਗੈਰੀ ਵੀ ਓਹਨੂੰ ਇਸ ਤਰਾਂ ਅਚਾਨਕ ਆਏ ਵੇਖ ਕੇ ਹੈਰਾਨ ਹੋ ਜਾਂਦੇ ਨੇ।

ਅਫ਼ਸਰ ਵੀਰ ਆਸਿਫ਼ ਨੂੰ - ਇਨੀ ਲੇਟ? ਕੀ ਗੱਲ ? ਭਾਈ ਸਾਬ ਹਰ ਕੰਮ ਦਾ ਇਕ ਵਕਤ ਹੁੰਦਾ। ਤੇ ਤੂੰ ਹੁਣ ਆਇਆ।

ਆਸਿਫ਼ - ਸਾਰੀ ਵੀਰੇ , ਮਾਫ਼ੀ ਮੰਗਦਾ । ਸਾਰੀ। ਕੰਮ ਕਾਜ ਹੀ ਤੁਸੀ ਇਹੋ ਜਿਹਾ ਦਿੱਤਾ ਸੀ । ਤਾਂ ਮੈਂ ਲੇਟ ਹੋ ਗਿਆ। ਕਿਆ ਮੈਂ ਵੀਰ ਜੀ ਨੂੰ ਮਿਲ ਸਕਦਾ ?

ਇਹਦੇ ਬਾਅਦ ਓਹਦੀ ਨਿਗ੍ਹਾ ਪਿੱਛੇ ਖੜ੍ਹੇ ਗੈਰੀ ਵੱਲ ਨੂੰ ਜਾਂਦੀ ਹੈ ਅਤੇ ਓਹ ਭੱਜ ਕੇ ਓਹਨਾ ਕੋਲ ਖੜ੍ਹਾ ਹੁੰਦਾ ਹੈ ਅਤੇ ਪਹਿਲਾ ਓਹਨਾ ਦੇ ਪੈਰ ਪਕੜ ਕੇ ਅਸ਼ੀਰਵਾਦ ਲੈਂਦਾ ਹੈ।

ਇਕ ਨਵਯੁਵਕ , ਅੱਧੀ ਰਾਤ , ਕੋਰਟ ਦੇ ਕੱਪੜਿਆਂ ਵਿਚ ਨਾਲ ਇਕ ਆਫਿਸ ਬੈਗ ਮੋਢਿਆ ਟੰਗੀ , ਮੋਟੇ ਮੋਟੇ ਨਿਗ੍ਹਾ ਦੇ ਚਸ਼ਮੇ , ਪਰ ਦਿਖਦਾ ਮਿਹਨਤੀ , ਆਪਣੀ ਮੋਟਰਸਾਈਕਲ ਰੋੜ ਕੇ ਅਫਸਰ ਵੀਰ ਦੇ ਘਰ ਦੇ ਵੇਹੜੇ ਵਿਚ ਲਗਾਉਂਦਾ ਅਤੇ ਅਦਾਬ ਅਰਜ਼ ਕਰਦਾ , ਆਸਿਫ਼ ਨਾਮ ਦਾ ਲੜਕਾ ਕੌਣ ਸੀ ਓਹ , ਇਹ ਸਭ ਅਗਲੇ ਭਾਗ ਵਿਚ |

ਨਾਲ ਹੀ ਗੈਰੀ ਦੀ ਚਾਹਨਾ , ਓਹਦਾ ਹੱਕ ਓਹਨੂੰ ਮਿਲ ਪਵੇਗਾ ?

ਕੀ ਸੇਜਲ ਦੇ ਕੀਤੇ ਸਮਝੌਤੇ ਦਾ ਪੱਖ ਸਹੀ ਹੋਏਗਾ ਜਾ ਗਲਤ ਹੋਵੇਗਾ ?

ਇਹ ਸਭ ਅਗਲੇ ਭਾਗ ਵਿਚ ||| ਧੰਨਵਾਦ |||